# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 31 | Wednesday, February 19, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਜਾਪਾਨ ਦੇ ਤੱਟ 'ਤੇ ਖੜ੍ਹੇ ਬੇੜੇ 'ਚ ਸਵਾਰ ਕੈਨੇਡੀਅਨਾਂ 'ਚੋਂ 43 ਨੂੰ ਕੋਰੋਨਾਵਾਇਰਸ ਹੋਣ ਦੀ ਪੁਸ਼ਟੀ

ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਜਾਪਾਨ ਦੇ ਤੱਟ ਉੱਤੇ ਅਲੱਗ ਥਲੱਗ ਕਰਕੇ ਖੜ੍ਹੇ ਕੀਤੇ ਗਏ ਬੇੜੇ ਵਿੱਚ ਸਵਾਰ ਕੈਨੇਡੀਅਨਾਂ ਵਿੱਚੋਂ ਹੋਰਨਾਂ ਨੂੰ ਕੋਰੋਨਾਵਾਇਰਸ ਹੋਣ ਦੀ ਪੁਸ਼ਟੀ ਹੋਈ ਹੈ। ਹੁਣ ਇਸ ਬੇੜੇ ਵਿੱਚ ਸਵਾਰ ਕੈਨੇਡੀਅਨਾਂ ਵਿੱਚੋਂ 43 ਨੂੰ ਕੋਰੋਨਾਵ-ਾਇਰਸ ਦੱਸਿਆ ਜਾ ਰਿਹਾ ਹੈ। ਕੈਨੇਡਾ ਸਰਕਾਰ ਵੱਲੋਂ ਇਸ ਬੇੜੇ ਵਿੱਚ ਸਵਾਰ ਯਾਤਰੀਆਂ ਨੂੰ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਇਸ ਬੇੜੇ ਵਿੱਚੋਂ ਕੱਢਣ ਲਈ ਵੀਰਵਾਰ ਨੂੰ ਜਹਾਜ਼ ਟੋਕੀਓ ਤੋਂ ਰਵਾਨਾ ਹੋਵੇਗਾ।



ਮੰਗਲਵਾਰ ਨੂੰ ਗਲੋਬਲ ਅਫੇਅਰਜ਼ ਨੇ ਆਖਿਆ ਕਿ ਇਸ ਬੇੜੇ ਡਾਇਮੰਡ ਪ੍ਰਿੰਸੈੱਸ ਵਿੱਚ ਸਵਾਰ 256 ਕੈਨੇਡੀਅਨ ਯਾਤਰੀਆਂ ਵਿੱਚੋਂ 43 ਕੋਰੋਨਾਵਾਇਰਸ ਲਈ ਪਾਜ਼ੀਟਿਵ ਆਏ ਹਨ। 24 ਘੰਟੇ ਪਹਿਲਾਂ ਦੱਸੇ ਗਏ ਅੰਕੜਿਆਂ ਨਾਲੋਂ ਇਹ ਗਿਣਤੀ ਦੁੱਗਣੀ ਪਾਈ ਗਈ। ਇਸ ਤੋਂ ਪਹਿਲਾਂ 15 ਕੈਨੇਡੀਅਨਾਂ ਨੂੰ ਹੀ ਕੋਰੋਨਾਵਾਇਰਸ ਦੀ ਪੁਸ਼ਟੀ ਹੋਈ ਸੀ।

ਸਥਾਨਕ ਸਮੇਂ ਅਨੁਸਾਰ ਮੰਗਲਵਾਰ ਨੂੰ ਕੈਨੇਡੀਅਨਾਂ ਨੂੰ ਗਲੋਬਲ ਅਫੇਅਰਜ਼ ਤੋਂ ਹਾਸਲ ਹੋਈ ਈਮੇਲ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਨੂੰ ਇਸ ਬੇੜੇ ਵਿੱਚੋਂ ਕੱਢਣ ਲਈ ਚਾਰਟਰ ਜਹਾਜ਼ ਭੇਜਿਆ ਜਾ ਰਿਹਾ ਹੈ ਜੋ ਕਿ ਜਾਪਾਨ ਤੋਂ ਵੀਰਵਾਰ ਨੂੰ ਸਿਹਤਮੰਦ ਯਾਤਰੀਆਂ, ਜਿਨ੍ਹਾਂ ਵਿੱਚ ਇਸ ਵਾਇਰਸ ਦੇ ਕੋਈ ਲੱਛਣ ਨਹੀਂ ਹਨ, ਨੂੰ ਲੈ ਕੇ ਵਤਨ ਪਰਤਣ ਲਈ ਉਡਾਨ ਭਰੇਗਾ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਸ ਜਹਾਜ਼ ਵਿੱਚ ਕਿੰਨੇ ਕੈਨੇਡੀਅਨ ਹੋਣਗੇ।

...ਬਾਕੀ ਪੰਨਾ 6 'ਤੇ

## ਪਾਕਿਸਤਾਨ ਯਾਤਰਾ ਭਾਗ - 3

# ਹਿੱਲ ਸਟੇਸ਼ਨ ਮਰੀ ਦੀ ਫੇਰੀ ਅਤੇ ਗੁਰੂਆਂ ਦਾ ਧੰਨਵਾਦ



-ਜਗਦੀਸ਼ ਗਰੇਵਾਲ-

ਪਾਕਿਸਤਾਨ ਯਾਤਰਾ ਦੇ ਤੀਜੇ ਦਿਨ ਅਸੀਂ ਇਸਲਾਮਾਬਾਦ ਤੋਂ ਚੱਲ ਕੇ 50 ਕੁ ਕਿਲੋਮੀਟਰ ਦੂਰੀ ਉੱਤੇ ਪੀਰ ਪੰਜਾਲ ਪਹਾੜੀ ਰੇਂਜ ਵਿੱਚ ਸਥਿਤ ਮਰੀ ਹਿੱਲ ਸਟੇਸ਼ਨ ਗਏ। ਸਮੁੰਦਰੀ ਤਲ ਤੋਂ ਤਕਰੀਬਨ 2291 ਮੀਟਰ ਉਚਾਈ ਵਾਲੇ ਇਸ ਕਸਬੇ ਨੂੰ ਜਾਂਦਿਆਂ ਰਸਤੇ ਵਿੱਚ ਛੋਟੇ ਛੋਟੇ ਮਕਾਨਾਂ ਦੀਆਂ ਝਲਕੀਆਂ ਦਿਲ ਨੂੰ ਖਿੱਚ ਪਾ ਰਹੀਆਂ ਸਨ। ਪਹਾੜੀਆਂ ਉੱਤੇ ਝੂਲਦੇ ਰੁੱਖਾਂ ਦੀਆਂ ਝਲਕੀਆਂ ਉਂਟਰੇਓ ਵਿੱਚ ਮੁਸਕੋਕਾ ਇਲਾਕੇ ਦੀ ਯਾਦ ਤਾਜਾ ਕਰਵਾ ਰਹੀਆਂ ਸਨ। ਚਿਨਾਰ ਦੇ ਉੱਚੇ ਰੁੱਖ ਜਿਵੇਂ ਜੀਅ ਆਇਆਂ ਨੂੰ ਆਖ ਰਹੇ ਹੋਣ। ਹਰਿਆਵਲ ਵਿੱਚ ਢਕੀਆਂ ਇਹਨਾਂ ਪਹਾੜੀ ਵਾਦੀਆਂ ਵਿੱਚ ਵੱਸਦੇ ਲੋਕਾਂ ਦਾ ਮੁੱਖ ਧੰਦਾ ਮੁਰਗੀਆਂ ਪਾਲਣਾ ਅਤੇ ਟੂਰਿਜ਼ਮ ਹੈ। ਮਰੀ ਨੂੰ ਜਾਂਦੀ ਹਾਈਵੇਅ ਪਹਾੜੀਆਂ ਨੂੰ ਕੱਟ ਕੇ ਬਣਾਈ ਗਈ ਇੱਕ ਮਲਟੀਲੇਨ ਸੜਕ ਹੈ ਜੋ ਕਿ ਪਾਕਿਸਤਾਨ ਵੱਲੋਂ ਇਨਫਰਾਸਟਰਕਚ ਦੇ ਆਧੁਨਕੀਰਣ ਲਈ ਕੀਤੇ ਨਿਵੇਸ਼ ਦੀ ਇੱਕ ਮਿਸਾਲ ਹੈ। ਇਸ ਸੜਕ ਦੇ ਦੋਵੇਂ ਪਾਸੇ ਮੋਟੀਆਂ ਮੋਟੀਆਂ ਦੀਵਾਰਾਂ ਦੀ ਉਸਾਰੀ ਕੀਤੀ ਗਈ ਹੈ ਤਾਂ ਜੋ ਪਹਾੜਾਂ ਤੋਂ ਖਿਸਕਦੀਆਂ ਢਿੱਗਾਂ ਨੁਕਸਾਨ ਨਾ ਕਰਨ।

...ਬਾਕੀ ਪੰਨਾ 7 'ਤੇ

# ਕਮੇਟੀ ਵਿੱਚ ਨਾਫਟਾ ਬਿੱਲ ਪਾਸ ਕਰਵਾਉਣ ਲਈ ਲਿਬਰਲਾਂ ਨੂੰ ਮਿਲਿਆ ਐਨਡੀਪੀ ਦਾ ਸਹਾਰਾ

ਓਟਵਾ, 18 ਫਰਵਰੀ (ਪੋਸਟ ਬਿਊਰੋ) : ਨਵੀਂ ਨਾਫਟਾ ਡੀਲ ਤੇਜ਼ੀ ਨਾਲ ਹਾਊਸ



ਆਫ ਕਾਮਨਜ਼ ਵਿੱਚ ਪਾਸ ਹੋ ਜਾਵੇ ਇਸ ਲਈ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਐਨਡੀਪੀ ਵਜੋਂ ਆਪਣਾ ਸਾਥੀ ਮਿਲ ਗਿਆ ਹੈ।

ਮੰਗਲਵਾਰ ਨੂੰ ਹਾਊਸ ਇੰਟਰਨੈਸ਼ਨਲ ਟਰੇਡ ਕਮੇਟੀ ਸਾਹਮਣੇ ਪੇਸ਼ ਹੋਣ ਤੋਂ ਬਾਅਦ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਹੁਣ ਇਸ ਬਿੱਲ ਸੀ-4 ਉੱਤੇ ਬਹਿਸ ਤੇ ਕਲਾਜ਼ ਦਰ ਕਲਾਜ਼ ਇਸ ਦਾ ਅਧਿਐਨ ਕਰਨਾ ਤੇ 28 ਫਰਵਰੀ ਤੱਕ ਕਮੇਟੀ ਵੱਲੋਂ ਇਸ ਉੱਤੇ ਕਾਰਵਾਈ ਖ਼ਤਮ ਕਰਨਾ ਹੀ ਬਾਕੀ ਰਹਿ ਗਿਆ ਹੈ। ਫਿਰ ਇਹ ਬਿੱਲ ਮੁੜ ਹਾਊਸ ਆਫ ਕਾਮਨਜ਼ ਵਿੱਚ ਅਗਲੇਰੀ ਵੋਟ ਲਈ ਆ ਜਾਵੇਗਾ ਤੇ ਫਿਰ ਮਾਰਚ ਦੇ ਸ਼ੁਰੂ ਵਿੱਚ ਇਸ ਨੂੰ ਸੈਨੇਟ ਕੋਲ ਭੇਜਿਆ ਜਾਵੇਗਾ।

ਇਸ ਡੀਲ ਨੂੰ ਸਮੇਂ ਸਿਰ ਲਾਗੂ ਕਰਵਾਉਣ ਲਈ ਲਿਬਰਲਾਂ ਨੂੰ ਐਨਡੀਪੀ ਦਾ ਸਮਰਥਨ ਹਾਸਲ ਹੋ ਰਿਹਾ ਹੈ। ਕੰਜ਼ਰਵੇਟਿਵਾਂ ਦੇ ਵਿਰੋਧ ਦੇ ਬਾਵਜੂਦ ਫਰੀਲੈਂਡ ਨੇ ਪਾਇਆ ਕਿ ਘੱਟਗਿਣਤੀ ਸਰਕਾਰ ਨੂੰ ਆਪਣੀਆਂ ਪਹਿਲਕਦਮੀਆਂ ਨੂੰ ਪਾਰਲੀਆਮੈਂਟ ਵਿੱਚ ਪਾਸ ਕਰਵਾਉਣ ਲਈ ਘੱਟੋ ਘੱਟ ਇੱਕ ਹੋਰ ਪਾਰਟੀ ਦੇ ਸਮਰਥਨ ਦੀ ਲੋੜ ਹੋਵੇਗੀ। ਫਰੀਲੈਂਡ ਨੇ ਹਾਊਸ ਆਫ ਕਾਮਨਜ਼ ਤੋਂ ਬਾਹਰ ਨਿਕਲਦਿਆਂ ਆਖਿਆ ਕਿ ਐਨਡੀਪੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਕੈਨੇਡੀਅਨ ਅਰਥਚਾਰੇ ਨੂੰ ਲੀਹ ਉੱਤੇ ਰੱਖਣ ਲਈ ਐਨਡੀਪੀ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਵੀ ਸਿੱਧ ਹੋਇਆ ਹੈ ਕਿ ਕੰਜ਼ਰਵੇਟਿਵ ਪਾਰਟੀ ਨਾਲੋਂ ਐਨਡੀਪੀ ਨੂੰ ਅਮਰੀਕਾ ਨਾਲ ਕੀਤੇ ਜਾਣ ਵਾਲੇ ਵਪਾਰ ਦੀ ਬਿਹਤਰ ਸਮਝ ਹੈ। ਐਨਡੀਪੀ ਦੇ ਐਕਸਪੋਰਟ ਪ੍ਰਮੋਸ਼ਨ ਤੇ ਇੰਟਰਨੈਸ਼ਨਲ ਟਰੇਡ ਕ੍ਰਿਟਿਕ ਡੈਨੀਅਲ ਬਲੇਕੀ ਦਾ ਕਹਿਣਾ ਹੈ ਕਿ ਹਾਊਸ ਵਿੱਚ ਇਸ ਡੀਲ ਨੂੰ ਪਾਸ ਕਰਵਾਉਣ ਵਿੱਚ ਮਦਦ ਕਰਨ ਤੇ ਇਸ ਉੱਤੇ ਲਿਬਰਲਾਂ ਨਾਲ ਰਲ ਕੇ ਚੱਲਣ ਦਾ ਐਨਡੀਪੀ ਵੱਲੋਂ ਵਾਅਦਾ ਕੀਤਾ ਗਿਆ ਹੈ।

...ਬਾਕੀ ਪੰਨਾ 6 'ਤੇ

# ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲਾਕੋਟ, ਜ਼ਿਲ੍ਹਾ ਹਜ਼ਾਰਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabi-post.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ *ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲਾਕੋਟ, ਜ਼ਿਲ੍ਹਾ ਹਜ਼ਾਰਾ* ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ


Best Insurance Rates
Auto · Home · Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase
Refinance
Self Employed
Special Rate & Package for Mortgage
Call today !!
647•964•0060
gurvinder.mangat@nbc.ca
NATIONAL BANK 10520 Torbram Rd, Brampton, ON L6R 3N9
GURVINDER MANGAT Mortgage Development Manager

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜ਼ਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਜਾਪਾਨ ਤੋਂ ਕੈਨੇਡੀਅਨਾਂ ਨੂੰ ਲੈ ਕੇ ਵੀਰਵਾਰ ਨੂੰ ਉਡਾਨ ਭਰ ਸਕਦਾ ਹੈ ਜਹਾਜ਼




ਜਾਪਾਨ, 18 ਫਰਵਰੀ (ਪੋਸਟ ਬਿਊਰੋ) : ਨੋਵਲ ਕੋਰੋਨਾਵਾਇਰਸ ਫੈਲਣ ਕਾਰਨ ਜਾਪਾਨ ਦੇ ਤੱਟ ਉੱਤੇ ਅਲੱਗ ਥਲੱਗ ਕਰਕੇ ਖੜ੍ਹੇ ਕੀਤੇ ਬੇੜੇ ਵਿੱਚ ਫਸੇ ਕੈਨੇਡੀਅਨਾਂ ਨੂੰ ਵਾਪਿਸ ਦੇਸ਼ ਲੈ ਕੇ ਆਉਣ ਲਈ ਰਵਾਨਾ ਹੋਏ ਜਹਾਜ਼ ਦੇ ਵੀਰਵਾਰ ਨੂੰ ਟੋਕੀਓ ਦੇ ਹਾਨੇਦਾ ਏਅਰਪੋਰਟ ਤੋਂ ਉਡਾਨ ਭਰਨ ਦੀ ਸੰਭਾਵਨਾ ਹੈ।

ਟੋਕੀਓ ਨੇੜੇ ਬੰਦਰਗਾਹ ਉੱਤੇ ਖੜ੍ਹਾਏ ਗਏ ਇਸ ਡਾਇਮੰਡ ਪ੍ਰਿੰਸੈੱਸ ਕਰੂਜ਼ ਸ਼ਿੱਪ ਉੱਤੇ ਸਵਾਰ ਯਾਤਰੀਆਂ ਨੂੰ ਮਿਲੀ ਇੱਕ ਈਮੇਲ ਵਿੱਚ ਲਿਖਿਆ ਗਿਆ ਹੈ ਕਿ ਉਡਾਨ ਤੋਂ 24 ਘੰਟੇ ਪਹਿਲਾਂ ਯਾਤਰੀਆਂ ਨੂੰ ਇਸ ਜਹਾਜ਼ ਦੇ ਉਡਾਨ ਭਰਨ ਦਾ ਸਹੀ ਸਮਾਂ ਦੱਸ ਦਿੱਤਾ ਜਾਵੇਗਾ। ਗਲੋਬਲ ਅਫੇਅਰਜ਼ ਵੱਲੋਂ ਹਾਸਲ ਹੋਈ ਇਸ ਈਮੇਲ ਵਿੱਚ ਲਿਖਿਆ ਗਿਆ ਹੈ ਕਿ ਇਹ ਬਹੁਤ ਹੀ ਜ਼ਰੂਰੀ ਹੈ ਕਿ ਕੈਨੇਡੀਅਨ ਹਵਾਈ ਜਹਾਜ਼ ਵਿੱਚ ਸਵਾਰ ਹੋਣ ਦੀਆਂ ਹਦਾਇਤਾਂ ਮਿਲਣ ਤੋਂ ਪਹਿਲਾਂ ਤੁਸੀਂ ਬੇੜੇ ਉੱਤੇ ਹੀ ਰਹੋਂ। ਅਜਿਹਾ ਉਸ ਸਮੇਂ ਵੀ ਕੀਤਾ ਜਾਣਾ ਜ਼ਰੂਰੀ ਹੈ ਭਾਵੇਂ ਤੁਹਾਨੂੰ ਜਹਾਜ਼ ਵਿੱਚ ਸਵਾਰ ਹੋਣ ਲਈ ਕਲੀਅਰੈਂਸ ਮਿਲ ਗਈ ਹੋਵੇ।

ਇਸ ਈਮੇਲ ਵਿੱਚ ਇਹ ਹਦਾਇਤਾਂ ਵੀ ਹਨ ਕਿ ਜੇ ਤੁਸੀਂ ਅਜਿਹਾ ਕੀਤੇ ਜਾਣ ਦੀ ਹਦਾਇਤ ਮਿਲਣ ਤੋਂ ਪਹਿਲਾਂ ਹੀ ਬੇੜੇ ਨੂੰ ਛੱਡਦੇ ਹੋਂ ਤਾਂ ਕੈਨੇਡੀਅਨ ਹਵਾਈ ਜਹਾਜ਼ ਵਿੱਚ ਸਵਾਰ ਹੋਣਾ ਤੁਹਾਡੇ ਲਈ ਸੰਭਵ ਨਹੀਂ ਹੋ ਪਾਵੇਗਾ। ਇਹ ਵੀ ਆਖਿਆ ਗਿਆ ਹੈ ਕਿ ਜਿਹੜੇ ਯਾਤਰੀ ਇਸ ਚਾਰਟਰ ਜਹਾਜ਼ ਰਾਹੀਂ ਦੇਸ਼ ਨਾ ਪਰਤਣ ਦਾ ਫੈਸਲਾ ਕਰਦੇ ਹਨ ਉਨ੍ਹਾਂ ਨੂੰ ਜਾਪਾਨ ਵੱਲੋਂ ਅਲੱਗ ਥਲੱਗ ਕਰਕੇ ਰੱਖੇ ਗਏ ਜਹਾਜ਼ ਵਿੱਚ ਹੀ ਰਹਿਣਾ ਹੋਵੇਗਾ ਤੇ ਸਥਾਨਕ ਅਧਿਕਾਰੀਆਂ ਦੀਆਂ ਹਦਾਇਤਾਂ ਮੰਨਣੀਆਂ ਹੋਣਗੀਆਂ।

ਜਿਹੜੇ ਕੈਨੇਡੀਅਨ ਕਮਰਸ਼ੀਅਲ ਸਾਧਨਾਂ ਰਾਹੀਂ ਦੇਸ਼ ਪਰਤਣਾ ਚਾਹੁੰਦੇ ਹਨ ਉਨ੍ਹਾਂ ਨੂੰ ਕੁਆਰਨਟੀਨ ਐਕਟ ਦੀ ਪਾਲਣਾ ਕਰਨੀ ਹੋਵੇਗੀ। ਜ਼ਿਕਰਯੋਗ ਹੈ ਕਿ ਇਸ ਸਮੇਂ 255 ਕੈਨੇਡੀਅਨ ਡਾਇਮੰਡ ਪ੍ਰਿੰਸੈੱਸ ਉੱਤੇ ਸਵਾਰ ਹਨ। ਇਸ ਬੇੜੇ ਉੱਤੇ ਪਿਛਲੇ ਦਸ ਦਿਨਾਂ ਤੋਂ 3500 ਯਾਤਰੀ ਫਸੇ ਹੋਏ ਹਨ। ਹੁਣ ਤੱਕ 355 ਕੋਰੋਨਾਵਾਇਰਸ ਤੋਂ ਸੰਕ੍ਰਮਿਤ ਹੋ ਚੁੱਕੇ ਹਨ ਤੇ ਇਨ੍ਹਾਂ ਵਿੱਚ 15 ਕੈਨੇਡਾ ਤੋਂ ਵੀ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO




DOON SOUTH - KITCHENER
" 4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777 MLS # 30784447




"LUXURIOUS - LARGE CUSTOM
2 STORY IN - LAW SUIT
FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777




"BEAUTIFUL BUNGALOW
3/4 ACRE LOT
IN-LAW SUITE"

SOLD




"EXECUTIVE LARGE
FAMILY HOME IN-LAW SUITE"
MLS 30781327

This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com

#1 REALTOR TOP INDIVIDUAL SALES CAMBRIDGE 2018

RE/MAX
Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਚਾਰਾ ਕਰਿਆ ਇਮਰਾਨ ਨੇ ਬੜਾ ਬੇਸ਼ੱਕ,
ਮੁਸ਼ਕਲ ਹੋਈ ਨਾ ਮੁਲਕ ਦੀ ਹੱਲ ਮੀਆਂ।
ਜਿਹੜੇ ਖਾਤੇ ਵਿੱਚ ਨਾਂਅ ਸੀ ਦਰਜ ਅੱਗੇ,
ਜ਼ਰਾ ਵੀ ਹੋਈ ਨਹੀਂ ਥੱਲ-ਪੁਥੱਲ ਮੀਆਂ।
ਲੱਗਾ ਰਿਹਾ ਉਹ ਭਾਰਤ ਨੂੰ ਲਾਉਣ ਊਜਾਂ,
ਆਪਣੀ ਦੱਸੀ ਨਹੀਂ ਕੋਈ ਹੈ ਗੱਲ ਮੀਆਂ।
ਦਹਿਸ਼ਤਵਾਦ ਦੀ ਜੜ੍ਹ ਇਸ ਦੇਸ਼ ਅੰਦਰ,
ਜਿਸ ਨੂੰ ਰਿਹਾ ਕੋਈ ਹੋਰ ਨਾ ਝੱਲ ਮੀਆਂ।
ਲਾ ਲਈ ਦੌੜ ਬਈ ਸਾਰੇ ਸੰਸਾਰ ਅੰਦਰ,
ਜੁਗਤ ਸਿਰੇ ਨਹੀਂ ਕੋਈ ਹੈ ਚੜ੍ਹੀ ਮੀਆਂ।
ਘੁੰਮਦੇ ਪਹੀਆਂ ਸੀ ਫੂਕ ਪੈਟਰੋਲ ਦਿੱਤਾ,
ਗੱਡੀ ਜੈੱਕ ਦੇ ਉਪਰ ਰਹੀ ਖੜੀ ਮੀਆਂ।

**ਤੀਸ ਮਾਰ ਖਾਂ**

# ਮੌੜ ਮੰਡੀ ਬੰਬ ਧਮਾਕਾ: ਐੱਸ ਆਈ ਟੀ ਵੱਲੋਂ ਜਾਂਚ ਲਈ ਡੇਰਾ ਸੱਚਾ ਸੌਦਾ ਦੇ ਪ੍ਰਬੰਧਕਾਂ ਤੋਂ ਸਿੱਧੀ ਪੁੱਛਗਿੱਛ ਸ਼ੁਰੂ

ਬਠਿੰਡਾ, 18 ਫਰਵਰੀ, (ਪੋਸਟ ਬਿਊਰੋ)- ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ 31 ਜਨਵਰੀ 2017 ਨੂੰ ਮੌੜ ਮੰਡੀ ਵਿੱਚ ਹੋਏ ਬੰਬ ਧਮਾਕੇ ਦੇ ਕੇਸ ਦੀ ਜਾਂਚ ਲਈ ਬਣੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਅੱਜ ਤੋਂ ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰਬੰਧਕਾਂ ਤੋਂ ਬਾਕਾਇਦਾ ਸਿੱਧੀ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।



ਪਤਾ ਲੱਗਾ ਹੈ ਕਿ ਅੱਜ ਮੰਗਲਵਾਰ ਨੂੰ ਡੇਰਾ ਸਿਰਸਾ ਦੇ ਪ੍ਰਬੰਧਕਾਂ ਤੋਂ ਐੱਸ ਆਈ ਟੀ ਨੇ ਪੁੱਛਗਿੱਛ ਕੀਤੀ। ਇਸ ਦੌਰਾਨ ਐੱਸ ਆਈ ਟੀ ਦੇ ਨੋਟਿਸ ਉੱਤੇ ਅੱਜ ਡੇਰੇ ਦੇ ਪ੍ਰਬੰਧਕਾਂ ਵਿੱਚੋਂ ਪੰਜ ਮੈਂਬਰ ਇਸ ਕੇਸ ਦੀ ਜਾਂਚ ਕਰ ਰਹੀ ਐੱਸ ਆਈ ਟੀ ਅੱਗੇ ਪੇਸ਼ ਹੋਏ। ਜ਼ਿਲਾ ਬਠਿੰਡਾ ਦੇ ਪੁਲਸ ਮੁਖੀ ਡਾ. ਨਾਨਕ ਸਿੰਘ ਨੇ ਕਰੀਬ ਦੋ ਘੰਟੇ ਡੇਰੇ ਦੇ ਪ੍ਰਬੰਧਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ, ਪਰ ਡੇਰਾ ਪ੍ਰਬੰਧਕਾਂ ਵਿਚ ਕਿਹੜੇ-ਕਿਹੜੇ ਮੈਂਬਰ ਜਾਂਚ ਟੀਮ ਸਾਹਮਣੇ ਪੇਸ਼ ਹੋਏ, ਉਨ੍ਹਾਂ ਦੀ ਪਛਾਣ ਨਹੀਂ ਦੱਸੀ ਗਈ। ਪੁਲਿਸ ਨੇ ਡੇਰੇ ਦੀ ਚੇਅਰਪਰਸਨ ਵਿਪਾਸਨਾ ਇੰਸਾਂ ਨੂੰ ਨੋਟਿਸ ਜਾਰੀ ਕਰ ਕੇ ਉਸ ਨੂੰ ਐੱਸ ਆਈ ਟੀ ਅੱਗੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਸਨ ਅਤੇ ਅੱਜ ਸਵੇਰੇ ਤੋਂ ਚਰਚਾ ਚੱਲ ਰਹੀ ਸੀ ਕਿ ਵਿਪਾਸਨਾ ਇੰਸਾਂ ਐੱਸ ਆਈ ਟੀ ਅੱਗੇ ਪੇਸ਼ ਹੋ ਜਾਵੇਗੀ। ਇਸ ਤੋਂ ਪਹਿਲਾਂ ਐੱਸ ਆਈ ਟੀ ਨੇ ਦੋ ਵਾਰ ਡੇਰੇ ਦੀ ਚੇਅਰਪਰਸਨ ਵਿਪਾਸਨਾ ਨੂੰ 15 ਤੇ 23 ਜਨਵਰੀ ਨੂੰ ਬਠਿੰਡਾ ਵਿਚ ਪੇਸ਼ ਹੋਣ ਲਈ ਕਿਹਾ ਸੀ, ਪਰ ਉਹ ਨਹੀਂ ਪੁੱਜੀ ਸੀ, ਉਸ ਦੀ ਥਾਂ ਹੋਰ ਅਹੁਦੇਦਾਰ ਪੇਸ਼ ਹੋਏ ਸਨ ਅਤੇ ਆਪ ਕੰਨੀ ਕਤਰਾ ਜਾਂਦੀ ਰਹੀ ਸੀ। ਪੁਲਿਸ ਅਧਿਕਾਰੀਆਂ ਦੇ ਮੁਤਾਬਕ ਡੇਰੇ ਦੀ ਪ੍ਰਬੰਧਕ ਕਮੇਟੀ ਦੇ ਅੱਜ ਪੇਸ਼ ਹੋਏ ਮੈਂਬਰਾਂ ਤੋਂ ਕਈ ਸਵਾਲ ਕੀਤੇ ਗਏ ਤੇ ਇਸ ਜਾਂਚ ਨਾਲ ਸਬੰਧਤ ਕੁਝ ਰਿਕਾਰਡ ਪੇਸ਼ ਕਰਨ ਲਈ ਵੀ ਕਿਹਾ ਗਿਆ ਸੀ, ਜਿਸ ਵਿਚੋਂ ਕੁਝ ਡੇਰੇ ਨੇ ਪੇਸ਼ ਕਰ ਦਿੱਤਾ ਅਤੇ ਬਾਕੀ ਜਲਦੀ ਪੇਸ਼ ਕਰਨ ਦਾ ਭਰੋਸਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਜਾਂਚ ਕਰ ਰਹੀ ਐੱਸ ਆਈ ਟੀ ਨੇ ਬੀਤੀ 13 ਫਰਵਰੀ ਨੂੰ ਡੇਰੇ ਦੀ ਪ੍ਰਬੰਧਕਾਂ ਨੂੰ ਦੁਬਾਰਾ ਨੋਟਿਸ ਜਾਰੀ ਕਰਕੇ 18 ਫਰਵਰੀ ਨੂੰ ਬਠਿੰਡਾ ਵਿਚ ਐੱਸ ਆਈ ਟੀ ਕੋਲ ਪੇਸ਼ ਹੋਣ ਦੇ ਆਦੇਸ਼ ਦਿੱਤੇ ਸਨ। ਇਸ ਨੋਟਿਸ ਨਾਲ ਡੇਰਾ ਪ੍ਰਬੰਧਕਾਂ ਨੂੰ ਵਰਕਸ਼ਾਪ ਨਾਲ ਸਬੰਧਤ ਰਿਕਾਰਡ ਪੇਸ਼ ਕਰਨ ਨੂੰ ਵੀ ਕਿਹਾ ਗਿਆ ਸੀ। ਅੱਜ ਪੁਲਿਸ ਟੀਮ ਡੀ ਐੱਸ ਪੀ ਗੁਰਦੇਵ ਸਿੰਘ ਭੱਲਾ ਦੀ ਅਗਵਾਈ ਵਿਚ ਸਿਰਸਾ ਪੁੱਜੀ ਅਤੇ ਪੇਸ਼ ਹੋਣ ਲਈ ਨੋਟਿਸ ਦਿੱਤਾ। ਇਸ ਤੋਂ ਪਹਿਲਾਂ ਪੁਲਿਸ ਟੀਮ ਨੇ ਥਾਣਾ ਸਦਰ ਸਿਰਸਾ ਵਿਚ ਆਪਣੇ ਆਉਣ ਦੀ ਰਿਪੋਰਟ ਦਰਜ ਕਰਵਾਈ। ਮੌੜ ਮੰਡੀ ਬੰਬ ਧਮਾਕੇ ਵਿਚ ਵਰਤੀ ਗਈ ਮਾਰੂਤੀ ਕਾਰ ਇਸ ਡੇਰੇ ਵਿਚ ਤਿਆਰ ਕੀਤੀ ਗਈ ਹੋਣ ਦਾ ਖ਼ੁਲਾਸਾ ਕੁਝ ਗਵਾਹਾਂ ਨੇ ਅਦਾਲਤ ਵਿਚ ਪੇਸ਼ ਹੋ ਕੇ ਕੀਤਾ ਹੋਇਆ ਹੈ। ਏਥੇ ਹੀ ਉਸ ਕਾਰ ਦੀ ਪਛਾਣ ਲੁਕਾਉਣ ਦੇ ਲਈ ਉਸ ਨੂੰ ਰੰਗ ਰੋਗਨ ਕੀਤਾ ਗਿਆ ਸੀ। ਇਸ ਕੇਸ ਵਿਚ ਅਮਰੀਕ ਸਿੰਘ ਵਾਸੀ ਬਾਦਲਗੜ੍ਹ ਜ਼ਿਲ੍ਹਾ ਸੰਗਰੂਰ ਅਤੇ ਅਵਤਾਰ ਸਿੰਘ ਵਾਸੀ ਭੈਂਸੀ ਮਾਜਰਾ ਕੁਰੂਕਸ਼ੇਤਰ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਬੀਤੀ 14 ਫਰਵਰੀ ਨੂੰ ਮੌੜ ਮੰਡੀ ਬੰਬ ਧਮਾਕਾ ਕੇਸ ਦੀ ਸੁਣਵਾਈ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਹੋਈ ਤਾਂ ਇਸ ਕੇਸ ਦੀ ਅਗਲੀ ਤਰੀਕ 6 ਮਾਰਚ ਤੈਅ ਕੀਤੀ ਗਈ ਹੈ।

# ਸੀਐੱਨ ਰੇਲ ਕਰੇਗੀ 450 ਕਾਮਿਆਂ ਦੀ ਛੁੱਟੀ

ਮਾਂਟਰੀਅਲ, 18 ਫਰਵਰੀ (ਪੋਸਟ ਬਿਊਰੋ) : ਬ੍ਰਿਟਿਸ਼ ਕੋਲੰਬੀਆ ਵਿੱਚ ਐਲਐਨਜੀ ਪਾਈਪਲਾਈਨ ਦੇ ਵਿਰੋਧ ਵਿੱਚ ਮੁਜ਼ਾਹਰਾ ਕਰ ਰਹੇ ਲੋਕਾਂ ਕਾਰਨ ਪਿਛਲੇ ਹਫਤੇ ਰੱਦ ਹੋਈਆਂ 400 ਤੋਂ ਵੀ ਵੱਧ ਰੇਲ ਗੱਡੀਆਂ ਤੋਂ ਬਾਅਦ ਸੀਐਨ ਰੇਲ ਵੱਲੋਂ ਪੂਰਬੀ ਕੈਨੇਡਾ ਦੇ ਆਪਣੇ ਆਪਰੇਸ਼ਨਜ਼ ਨਾਲ ਜੁੜੇ 450 ਕਾਮਿਆਂ ਦੀ ਛੁੱਟੀ ਕੀਤੀ ਜਾ ਰਹੀ ਹੈ।



ਇਨ੍ਹਾਂ ਛਾਂਗੀਆਂ ਨਾਲ ਈਸਟਰਨ ਪੈਸੇਜ ਵਿੱਚ ਆਟੋਪੋਰਟ, ਮੌਂਕਟੌਨ, ਚਾਰਨੀ ਤੇ ਮਾਂਟਰੀਅਲ ਵਿੱਚ ਕੰਮ ਕਰਦੇ ਆਪਰੇਸ਼ਨਲ ਸਟਾਫ ਉੱਤੇ ਅਸਰ ਪਵੇਗਾ। ਮਾਂਟਰੀਅਲ ਸਥਿਤ ਰੇਲਵੇ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਅਫਸੋਸਜਨਕ ਸਥਿਤੀ ਹੈ ਕਿਉਂਕਿ ਮੁਜ਼ਾਹਰਿਆਂ ਕਾਰਨ ਅਰਥਚਾਰੇ ਤੇ ਸਾਡੇ ਮੁਲਾਜ਼ਮਾਂ ਉੱਤੇ ਪੈਣ ਵਾਲਾ ਪ੍ਰਭਾਵ ਸੀਐਨ ਦੀਆਂ ਗਤੀਵਿਧੀਆਂ ਨਾਲ ਸਬੰਧਤ ਨਹੀਂ ਹੈ ਤੇ ਨਾ ਹੀ ਸਾਡੇ ਵੱਸ ਵਿੱਚ ਹੈ।

ਸੀਐਨ ਨੇ ਆਖਿਆ ਕਿ ਇਹ ਫੈਸਲਾ ਅਗਾਂਹਵਧੂ ਤੇ ਵਿਵਸਥਿਤ ਢੰਗ ਨਾਲ ਲਿਆ ਗਿਆ ਹੈ। ਅਜਿਹਾ ਇਹ ਯਕੀਨੀ ਬਣਾਉਣ ਲਈ ਕੀਤਾ ਗਿਆ ਹੈ ਕਿ ਇਸ ਨੂੰ ਉਦੋਂ ਸ਼ੁਰੂ ਕੀਤਾ ਜਾ ਸਕੇ ਜਦੋਂ ਇਸ ਤਰ੍ਹਾਂ ਰਾਹ ਰੋਕਣ ਦੀਆਂ ਘਟਨਾਵਾਂ ਪੂਰੀ ਤਰ੍ਹਾਂ ਬੰਦ ਹੋ ਜਾਣਗੀਆਂ। ਜ਼ਿਕਰਯੋਗ ਹੈ ਕਿ ਕੋਸਟਲ ਗੈਸਲਿੰਕ ਵੱਲੋਂ ਪਾਈਪਲਾਈਨ ਰੂਟ ਦੇ ਨਾਲ 20 ਚੋਣਵੀਆਂ ਬੈਂਡ ਕਾਉਂਸਲਜ਼ ਨਾਲ ਸਮਝੌਤਾ ਕੀਤਾ ਸੀ, ਜਿਸ ਵਿੱਚ ਵੈਟਸੂਵੈਟਨ ਫਰਸਟ ਨੇਸ਼ਨ ਦੀ ਕਾਉਂਸਲ ਵੀ ਸ਼ਾਮਲ ਸੀ।

ਪਰ ਵੈਟਸੂਵੈਟਨ ਦੇ ਹੈਰੇਡਿਟਰੀ ਚੀਫਜ਼ ਇਸ ਪ੍ਰੋਜੈਕਟ ਦੇ ਖਿਲਾਫ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਕਾਉਂਸਲ ਕੋਲ ਸਬੰਧਤ ਜ਼ਮੀਨ ਦਾ ਅਧਿਕਾਰ ਨਹੀਂ ਹੈ।

## ਭਾਰਤੀ ਸਾਧਾਂ ਦੇ 'ਪ੍ਰਵਚਨ' ਸੁਣ ਲਵੋ

## ਔਰਤਾਂ ਨੇ ਪੀਰੀਅਡਸ ਵੇਲੇ ਜੇ ਖਾਣਾ ਬਣਾਇਆ ਤਾਂ ਅਗਲੇ ਜਨਮ ਵਿੱਚ ਕੁੱਤਾ ਬਣਨਗੀਆਂ

* ਉਹੋ ਖਾਣਾ ਖਾਣ ਵਾਲੇ ਬੰਦੇ ਵੀ ਬਲਦ ਬਣ ਕੇ ਜੰਮਣਗੇ


ਅਹਿਮਦਾਬਾਦ, 18 ਫਰਵਰੀ, (ਪੋਸਟ ਬਿਊਰੋ)- ਗੁਜਰਾਤ ਦੇ ਇਕ ਧਾਰਮਿਕ ਨੇਤਾ ਸਵਾਮੀ ਕ੍ਰਿਸ਼ਨਾ ਸਵਰੂਪ ਦਾਸ ਨੇ ਔਰਤਾਂ ਬਾਰੇ ਇਕ ਵਿਵਾਦਿਤ ਬਿਆਨ ਦਿੱਤਾ ਅਤੇ ਕਿਹਾ ਹੈ ਕਿ ਜਿਹੜੀਆਂ ਔਰਤਾਂ ਆਪਣੇ ਮੰਥਲੀ ਪੀਰੀਅਡਸ ਦੌਰਾਨ ਆਪਣੇ ਪਤੀ ਲਈ ਖਾਣਾ ਬਣਾਉਂਦੀਆਂ ਹਨ, ਉਹ ਅਗਲੇ ਜਨਮ ਵਿੱਚ ਕੁੱਤੇ ਦੇ ਰੂਪ ਵਿੱਚ ਜਨਮ ਲੈਣਗੀਆਂ ਅਤੇ ਉਹੋ ਖਾਣਾ ਖਾਣ ਵਾਲੇ ਪੁਰਸ਼ ਵੀ ਬਲਦਾਂ ਦੇ ਰੂਪ ਵਿੱਚ ਜਨਮ ਲੈਣਗੇ।

ਸਵਾਮੀ ਕ੍ਰਿਸ਼ਨਾ ਸਵਰੂਪ ਦਾਸ ਨੇ ਕਿਹਾ ਕਿ 'ਇਹ ਗੱਲਾਂ ਸੁਣ ਕੇ ਤੁਹਾਨੂੰ ਜਿੱਦਾਂ ਵੀ ਲੱਗਦਾ ਹੋਵੇ, ਪਰ ਸ਼ਾਸ਼ਤਰਾਂ ਵਿੱਚ ਇਹ ਨਿਯਮ ਬਣਾਏ ਗਏ ਹਨ। ਤੁਹਾਨੂੰ ਲੱਗੇਗਾ ਕਿ ਮੈਂ ਬਹੁਤ ਸਖਤ ਹਾਂ, ਔਰਤਾਂ ਇਹ ਗੱਲ ਸੁਣ ਕੇ ਰੋ ਸਕਦੀਆਂ ਹਨ ਕਿ ਉਹ ਕੁੱਤੇ ਦੇ ਰੂਪ ਵਿੱਚ ਜਨਮ ਲੈਣਗੀਆਂ।' ਉਨ੍ਹਾਂ ਕਿਹਾ ਕਿ 'ਮੈਂ ਨਹੀਂ ਜਾਣਦਾ ਕਿ ਮੈਨੂੰ ਤੁਹਾਨੂੰ ਕਾਉਂਸਲਿੰਗ ਕਰਨਾ ਚਾਹੀਦਾ ਹੈ ਜਾਂ ਨਹੀਂ। 10 ਸਾਲਾਂ ਵਿੱਚ ਇਹ ਪਹਿਲੀ ਵਾਰ ਮੈਂ ਤੁਹਾਨੂੰ ਸਲਾਹ ਦੇ ਰਿਹਾ ਹਾਂ। ਸੰਤਾਂ ਨੇ ਸਾਡੇ ਧਰਮ ਦੀਆਂ ਗੁਪਤ ਗੱਲਾਂ ਬਾਰੇ ਚਰਚਾ ਨਾ ਕਰਨ ਨੂੰ ਕਿਹਾ ਹੈ, ਪਰ ਜੇ ਮੈਂ ਨਾ ਕਰਾਂ ਤਾਂ ਤੁਸੀਂ ਕਦੇ ਸਮਝ ਨਹੀਂ ਸਕੋਗੇ।'

ਇਸ ਦੌਰਾਨ ਮਹਾਰਾਸ਼ਟਰ ਦਾ ਇੱਕ ਸੰਤ ਸੈਕਸ ਸੰਬੰਧਾਂ ਅਤੇ ਬੱਚਿਆਂ ਦੇ ਜਨਮ ਬਾਰੇ ਕਥਾ ਕਰਨ ਕਰ ਕੇ ਇੱਕ ਹੋਰ ਵਿਵਾਦ ਛੇੜ ਬੈਠਾ ਹੈ। ਮਰਾਠੀ ਕੀਰਤਨਕਾਰ ਨਿਰਵਰਤੀ ਮਹਾਰਾਜ ਇੰਦੁਰੀਕਰ ਨੇ ਕਿਹਾ ਹੈ ਕਿ ਸੈਕਸ ਜੀਵਨ ਦੇ ਦੌਰਾਨ ਔਡ ਅਤੇ ਈਵਨ ਦਿਨਾਂ ਦਾ ਫਾਰਮੂਲਾ ਵਰਤਣ ਨਾਲ ਮੁੰਡਾ ਤੇ ਕੁੜੀ ਪੈਦਾ ਹੁੰਦੇ ਹਨ। ਉਸ ਨੇ ਕਿਹਾ ਕਿ ਔਡ ਦੇ ਦਿਨਾਂ, ਜਿਹੜੇ ਇੱਕ, ਤਿੰਨ, ਪੰਜ, ਸੱਤ ਅਤੇ ਨੌਂ ਤਰੀਕ ਵਾਲੇ ਹੁੰਦੇ ਹਨ, ਦੌਰਾਨ ਸੈਕਸ ਸੰਬੰਧ ਬਣਾਏ ਤਾਂ ਕੁੜੀਆਂ ਹੀ ਪੈਦਾ ਹੋਣਗੀਆਂ, ਪਰ ਜੇ ਈਵਨ ਵਾਲੇ ਦੋ, ਚਾਰ, ਛੇ, ਅੱਠ ਜਾਂ ਜ਼ੀਰੋ ਵਾਲੇ ਦਿਨਾਂ ਦੌਰਾਨ ਸੈਕਸ ਸੰਬੰਧ ਬਣਾਏ ਹੋਣ ਤਾਂ ਪੁੱਤਰ ਦੀ ਪ੍ਰਾਪਤੀ ਹੋਵੇਗੀ। ਸਵਾਮੀ ਦੀ ਇਸ ਕਥਾ ਕਾਰਨ ਵਿਵਾਦ ਛਿੜ ਗਿਆ ਹੈ। ਉਸ ਦੇ ਇਸ ਬਿਆਨ ਉੱਤੇ ਸਵੈ-ਸੇਵੀ ਸੰਸਥਾ ਅੰਧ-ਸ਼ਰਧਾ ਨਿਰਮੂਲਣ ਸਮਿਤੀ ਨੇ ਇੰਦੁਰੀਕਰ ਦੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਇਸ ਸੰਸਥਾ ਦਾ ਦੋਸ਼ ਹੈ ਕਿ ਇੰਦੁਰੀਕਰ ਮਹਾਰਾਜ ਦੀ ਟਿੱਪਣੀ ਨੇ ਗਰਭ ਧਾਰਨ ਤੋਂ ਪਹਿਲਾਂ ਤੇ ਡਲਿਵਰੀ ਤੋਂ ਪਹਿਲਾਂ ਜਨਮ ਲੈਣ ਵਾਲੇ ਬੱਚੇ ਦੇ ਲਿੰਗ ਦੀ ਜਾਣਕਾਰੀ ਦੇਣ ਵਾਲੀ ਤਕਨੀਕ (ਪੀ ਸੀ ਪੀ ਐੱਨ ਡੀ ਟੀ) ਦੇ ਐਕਟ ਦੀ ਉਲੰਘਣਾ ਕੀਤੀ ਹੈ। ਇਸ ਸ਼ਿਕਾਇਤ ਉੱਤੇ ਮਹਾਰਾਸ਼ਟਰ ਸਰਕਾਰ ਨੇ ਮਰਾਠੀ ਸੰਤ ਨਿਰਵਰਤੀ ਮਹਾਰਾਜ ਇੰਦੁਰੀਕਰ ਦੇ ਖਿਲਾਫ ਕੇਸ ਦਰਜ ਨਾ ਕਰਨ ਦਾ ਫੈਸਲਾ ਕੀਤਾ ਹੈ। ਰਾਜ ਸਰਕਾਰ ਦੇ ਮੰਤਰੀ ਬੱਚੂ ਕੱਡੂ ਨੇ ਮੰਗਲਵਾਰ ਨੂੰ ਸਰਕਾਰ ਦੇ ਇਸ ਫੈਸਲੇ ਬਾਰੇ ਜਾਣਕਾਰੀ ਦਿੱਤੀ ਹੈ ਕਿ ਕੇਸ ਦਰਜ ਨਹੀਂ ਕੀਤਾ ਜਾਵੇਗਾ।

# ਅੱਤਵਾਦੀ ਕਸਾਬ ਬਾਰੇ ਮੁੰਬਈ ਦੇ ਸਾਬਕਾ ਪੁਲਿਸ ਕਮਿਸ਼ਨਰ ਦਾ ਵੱਡੇ ਖੁਲਾਸੇ ਦਾ ਦਾਅਵਾ

ਨਵੀਂ ਦਿੱਲੀ, 18 ਫਰਵਰੀ, (ਪੋਸਟ ਬਿਊਰੋ)- ਮੁੰਬਈ ਦੇ ਸਾਬਕਾ ਪੁਲਿਸ ਕਮਿਸ਼ਨਰ ਰਾਕੇਸ਼ ਮਾਰੀਆ ਨੇ ਅੱਜ ਆਪਣੀ ਨਵੀਂ ਕਿਤਾਬ 'ਲੈੱਟ ਮੀ ਸੇ ਇਟ ਨਾਓ' ਵਿੱਚ ਸਾਲ 2008 ਵਿੱਚ ਹੋਏ ਮੁੰਬਈ ਹਮਲੇ ਬਾਰੇ ਸਨਸਨੀਖੇਜ਼ ਖ਼ੁਲਾਸੇ ਕਰਨ ਦਾ ਦਾਅਵਾ ਕੀਤਾ ਹੈ। ਇਸ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਜੇ ਲਸ਼ਕਰ ਦਾ ਪਲਾਨ ਸਿਰੇ ਚੜ੍ਹ ਜਾਂਦਾ ਤਾਂ ਸਾਰੇ ਅਖ਼ਬਾਰ ਅਤੇ ਟੀ ਵੀ ਚੈਨਲਾਂ ਉੱਤੇ 'ਹਿੰਦੂ ਅੱਤਵਾਦ' ਦਾ ਹੈਡਿੰਗ ਹੀ ਦਿੱਸਣਾ ਸੀ।




ਸਾਬਕਾ ਪੁਲਸ ਅਫਸਰ ਮਾਰੀਆ ਨੇ ਲਿਖਿਆ ਹੈ ਕਿ 26 ਨਵੰਬਰ 2008 ਦੇ ਮੁੰਬਈ ਹਮਲੇ ਵਿੱਚ ਸ਼ਾਮਲ ਹੋਏ ਪਾਕਿਸਤਾਨੀ ਅੱਤਵਾਦੀ ਮੁਹੰਮਦ ਅਜਮਲ ਆਮਿਰ ਕਸਾਬ, ਜਿਹੜਾ ਬਾਅਦ ਵਿੱਚ ਫਾਂਸੀ ਲਾਇਆ ਗਿਆ ਸੀ, ਨੂੰ ਮੌਕੇ ਉੱਤੇ ਮਾਰ ਦਿੱਤਾ ਜਾਂਦਾ ਤਾਂ ਅੱਜ ਤੱਕ ਦੁਨੀਆ ਇਸ ਘਟਨਾ ਨੂੰ ਸ਼ਾਇਦ ਹਿੰਦੂ ਅੱਤਵਾਦ ਮੰਨਦੀ ਹੁੰਦੀ। ਉਸ ਦਾ ਕਹਿਣਾ ਹੈ ਕਿ 26/11 ਹਮਲਾ ਕਰਵਾਉਣ ਵਾਲੇ ਪਾਕਿਸਤਾਨੀ ਅੱਤਵਾਦੀ ਸੰਗਠਨ ਲਸ਼ਕਰ-ਏ-ਤਾਇਬਾ ਨੇ ਇਸ ਨੂੰ ਭਾਰਤ ਦੇ ਹਿੰਦੂਆਂ ਵੱਲੋਂ ਕੀਤੇ ਅੱਤਵਾਦੀ ਹਮਲੇ ਦਾ ਰੂਪ ਦੇਣ ਦੀ ਖ਼ਤਰਨਾਕ ਸਾਜ਼ਿਸ਼ ਰਚੀ ਸੀ।

ਇਸ ਕਿਤਾਬ ਉੱਤੇ ਪ੍ਰਤੀਕਿਰਿਆ ਦਿੰਦਿਆਂ ਕੇਂਦਰੀ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਨੇ ਹਿੰਦੂ ਅੱਤਵਾਦ ਦੇ ਨਾਂ ਉੱਤੇ ਦੇਸ਼ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਸੋਚ ਦਾ ਖਮਿਆਜ਼ਾ ਕਾਂਗਰਸ ਨੂੰ ਸਾਲ 2014 ਅਤੇ 2019 ਵਿੱਚ ਭੁਗਤਣਾ ਪਿਆ ਤੇ ਜਨਤਾ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾਇਆ ਹੈ। ਪੀਯੂਸ਼ ਗੋਇਲ ਨੇ ਕਿਹਾ ਕਿ ਮਾਰੀਆ ਨੂੰ ਇਹ ਗੱਲਾਂ ਉਦੋਂ ਵੀ ਬੋਲਣੀਆਂ ਚਾਹੀਦੀਆਂ ਸਨ, ਜਦੋਂ ਉਹ ਪੁਲਿਸ ਕਮਿਸ਼ਨਰ ਹੁੰਦੇ ਸਨ। ਗੋਇਲ ਨੇ ਸਵਾਲ ਕੀਤਾ ਕਿ ਮਾਰੀਆ ਨੇ ਇਹ ਸਭ ਗੱਲਾਂ ਅੱਜ ਕਿਉਂ ਕਹੀਆਂ ਹਨ? ਉਨ੍ਹਾਂ ਕਿਹਾ ਕਿ ਅਸਲ ਵਿੱਚ ਸਰਵਿਸ ਰੂਲਜ਼ ਵਿੱਚ ਜੇ ਕੋਈ ਜਾਣਕਾਰੀ ਸੀਨੀਅਰ ਪੁਲਿਸ ਅਧਿਕਾਰੀਆਂ ਕੋਲ ਹੋਵੇ ਤਾਂ ਉਨ੍ਹਾਂ ਨੂੰ ਉਸ ਉੱਤੇ ਐਕਸ਼ਨ ਲੈਣਾ ਚਾਹੀਦਾ ਸੀ। ਮੇਰੇ ਖ਼ਿਆਲ ਨਾਲ ਕਾਂਗਰਸ ਅਤੇ ਯੂ ਪੀ ਏ ਗੱਠਜੋੜ ਨੇ ਬਹੁਤ ਡੂੰਘੀ ਸਾਜ਼ਿਸ਼ ਰਚੀ ਸੀ, ਝੂਠ ਅਤੇ ਫਰੇਬ ਦਾ ਇਕ ਨਮੂਨਾ ਓਦੋਂ ਅਸੀਂ ਵੇਖਿਆ ਸੀ, ਜਦੋਂ ਉਨ੍ਹਾਂ ਨੇ ਚਿਦੰਬਰਮ ਸਾਹਿਬ ਦੇ ਕਹਿਣ ਉੱਤੇ ਪੂਰੀ ਤਰ੍ਹਾਂ ਝੂਠਾ ਹਿੰਦੂ ਅੱਤਵਾਦ ਖੜਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਵਰਨਣ ਯੋਗ ਹੈ ਕਿ ਇਸ ਕਿਤਾਬ ਵਿੱਚ ਮਾਰੀਆ ਨੇ 26/11 ਮੁੰਬਈ ਹਮਲੇ ਵੇਲੇ ਇਕੋ ਇੱਕ ਜਿੰਦਾ ਫੜੇ ਗਏ ਅੱਤਵਾਦੀ ਅਜਮਲ ਕਸਾਬ ਬਾਰੇ ਲਿਖਿਆ ਕਿ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ ਐੱਸ ਆਈ ਨੇ 26/11 ਦੇ ਮੁੰਬਈ ਹਮਲੇ ਨੂੰ ਹਿੰਦੂ ਅੱਤਵਾਦ ਦਾ ਰੰਗ ਦੇਣ ਦੀ ਕੋਸ਼ਿਸ਼ ਕੀਤੀ ਅਤੇ 10 ਹਮਲਾਵਰਾਂ ਨੂੰ ਹਿੰਦੂ ਸਿੱਧ ਕਰਨ ਲਈ ਉਨ੍ਹਾਂ ਹੱਥ ਫ਼ਰਜ਼ੀ ਪਛਾਣ ਪੱਤਰ ਬਣਾ ਕੇ ਭੇਜੇ ਗਏ ਸਨ। ਮਾਰੀਆ ਦੇ ਦੱਸਣ ਅਨੁਸਾਰ ਮੁੰਬਈ ਪੁਲਿਸ ਅੱਤਵਾਦੀ ਕਸਾਬ ਦੀ ਫੋਟੋ ਜਾਂ ਹੋਰ ਜਾਣਕਾਰੀ ਜਾਰੀ ਨਹੀਂ ਕਰਨਾ ਚਾਹੁੰਦੀ ਸੀ ਅਤੇ ਪੁਲਿਸ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਅੱਤਵਾਦੀ ਦੀ ਡਿਟੇਲ ਮੀਡੀਆ ਵਿੱਚ ਲੀਕ ਨਾ ਹੋਵੇ। ਸੇਵਾ ਮੁਕਤ ਆਈ ਪੀ ਐੱਸ ਅਫਸਰ ਮਾਰੀਆ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਕੋਰਟ ਵਿੱਚ ਸੁਣਵਾਈ ਵੇਲੇ ਪਾਕਿਸਤਾਨ ਦਾ ਚਿਹਰਾ ਹੋਰ ਵੱਧ ਬੇਨਕਾਬ ਹੋਣ ਤੋਂ ਬਚਾਉਣ ਲਈ ਅੰਡਰ ਵਰਲਡ ਡਾਨ ਦਾਊਦ ਇਬਰਾਹੀਮ ਦੇ ਗੈਂਗ ਨੂੰ ਕਸਾਬ ਨੂੰ ਮਾਰਨ ਦੀ ਸੁਪਾਰੀ ਦਿੱਤੀ ਗਈ ਸੀ।

# ਪਾਕਿਸਤਾਨੀ ਅਦਾਲਤ ਨੇ ਸਈਦ ਦੇ ਅੱਤਵਾਦੀ ਫੰਡਿੰਗ ਦੇ ਦੋ ਕੇਸ ਲਾਹੌਰ ਤਬਦੀਲ ਕੀਤੇ

ਲਾਹੌਰ, 18 ਫਰਵਰੀ, (ਪੋਸਟ ਬਿਊਰੋ)- ਸਾਲ 2008 ਵਿੱਚ ਭਾਰਤ ਦੇ ਮੁੰਬਈ ਵਿੱਚ ਹੋਏ ਹਮਲੇ ਦੇ ਮਾਸਟਰ ਮਾਈਂਡ ਅਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਦੇ ਖਿਲਾਫ ਦੋ ਕੇਸ ਉਸ ਦੀ ਅਪੀਲ ਉੱਤੇ ਪਾਕਿਸਤਾਨ ਦੀ ਅੱਤਵਾਦ ਵਿਰੋਧੀ ਅਦਾਲਤ ਨੇ ਲਾਹੌਰ ਦੀ ਅਦਾਲਤ ਵਿੱਚ ਤਬਦੀਲ ਕਰ ਦਿੱਤੇ ਹਨ।



ਵਰਨਣ ਯੋਗ ਹੈ ਕਿ ਹਾਫਿਜ਼ ਸਈਦ ਅਮਰੀਕਾ ਵੱਲੋਂ ਐਲਾਨਿਆ ਹੋਇਆ ਕੌਮਾਂਤਰੀ ਅੱਤਵਾਦੀ ਹੈ ਤੇ ਉਸ ਉੱਤੇ ਇਕ ਕਰੋੜ ਅਮਰੀਕੀ ਡਾਲਰ ਦਾ ਇਨਾਮ ਰੱਖਿਆ ਹੈ। ਉਹ ਪਿਛਲੇ ਸਾਲ ਜੁਲਾਈ ਮਹੀਨੇ ਤੋਂ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਬੰਦ ਹੈ। ਲਾਹੌਰ ਹਾਈ ਕੋਰਟ ਨੇ ਉਸ ਦੇ ਖਿਲਾਫ ਚੱਲਦੇ ਦੋ ਕੇਸ ਹਾਫਿਜ਼ ਤੇ ਉਸ ਦੇ ਸਾਥੀ ਜ਼ਫਰ ਇਕਬਾਲ ਦੀ ਪਟੀਸ਼ਨ ਉੱਤੇ ਤਬਦੀਲ ਕੀਤੇ ਹਨ। ਹਾਫਿਜ਼ ਸਈਦ ਨੇ ਮੁਲਤਾਨ ਅਤੇ ਸਾਹੀਵਾਲ ਦੀਆਂ ਅਦਾਲਤਾਂ ਦੇ ਵਿਚ ਆਪਣੇ ਖ਼ਿਲਾਫ਼ ਚੱਲ ਰਹੇ ਕੇਸ ਲਾਹੌਰ ਬਦਲਣ ਲਈ ਮੰਗ ਕੀਤੀ ਸੀ। ਪੰਜਾਬ ਪੁਲਿਸ ਦੇ ਅੱਤਵਾਦ ਰੋਕੂ ਵਿਭਾਗ ਵੱਲੋਂ ਹਾਫਿਜ਼ ਸਈਦ ਦੇ ਖ਼ਿਲਾਫ਼ ਲਾਹੌਰ ਤੇ ਗੁਜਰਾਂਵਾਲਾ ਵਿਚ ਕੀਤੇ ਜੁਰਮ ਉੱਤੇ ਦਰਜ ਕੀਤੇ ਕੇਸ ਵਿੱਚ ਅੱਤਵਾਦ ਰੋਕੂ ਅਦਾਲਤ ਦੇ ਜੱਜ ਅਰਸ਼ਦ ਹੁਸੈਨ ਨੇ ਬੀਤੀ 12 ਫਰਵਰੀ ਨੂੰ ਹਾਫਿਜ਼ ਨੂੰ ਸਾਢੇ ਪੰਜ ਸਜ਼ਾ ਕੀਤੀ ਸੀ। ਪਾਕਿਸਤਾਨ ਦੇ ਅੱਤਵਾਦ ਰੋਕੂ ਵਿਭਾਗ ਨੇ ਹਾਫਿਜ਼ ਸਈਦ ਦੇ ਖ਼ਿਲਾਫ਼ ਵੱਖ-ਵੱਖ ਸ਼ਹਿਰਾਂ ਵਿੱਚ ਅੱਤਵਾਦ ਫੰਡਿੰਗ ਦੇ 23 ਕੇਸ ਦਰਜ ਕੀਤੇ ਹੋਏ ਹਨ।

ਅਮਰੀਕਾ ਦੀ ਸਰਕਾਰ ਨੇ ਅਦਾਲਤ ਨੇ ਹਾਫਿਜ਼ ਸਈਦ ਨੂੰ ਸਜ਼ਾ ਸੁਣਾਏ ਜਾਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਤੇ ਆਸ ਪ੍ਰਗਟ ਕੀਤੀ ਹੈ ਕਿ ਪਾਕਿਸਤਾਨ ਭਵਿੱਖ ਵਿਚ ਵੀ ਅੱਤਵਾਦ ਖ਼ਿਲਾਫ਼ ਕਾਰਵਾਈ ਜਾਰੀ ਰੱਖੇਗਾ। ਸਮਝਿਆ ਜਾਂਦਾ ਹੈ ਕਿ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਵੱਲੋਂ ਪਾਕਿਸਤਾਨ ਨੂੰ ਕਾਲੀ ਸੂਚੀ ਵਿਚ ਪਾ ਦੇਣ ਦੀ ਚਿਤਾਵਨੀ ਦਿੱਤੇ ਜਾਣ ਪਿੱਛੋਂ ਪਾਕਿਸਤਾਨ ਨੇ ਦਿਖਾਵੇ ਲਈ ਕੁਝ ਕਾਰਵਾਈ ਕੀਤੀ ਜਾਪਦੀ ਹੈ। ਇਸ ਸਮੇਂ ਪਾਕਿਸਤਾਨ ਇਸ ਸੰਸਾਰ ਸੰਗਠਨ ਦੀ ਗ੍ਰੇਅ ਸੂਚੀ ਵਿਚ ਪਿਆ ਹੋਇਆ ਹੈ।







Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Toronto $2,150** — For Lease. **Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** — barBURRITO. **6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** — Photo Not Available. **120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** — Techlogics. **5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — Gino's Pizza. **136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** — Photo Not Available. **373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999** — **328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** — Photo Not Available. **Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** — Photo Not Available. **7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000** — **Northshore Blvd To Eagle :**Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000** — **Qew And Hurontario :**Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** — Photo Not Available. **150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900** — **29 Phillip Ave:** For any information call Paramjeet Deol at 905-405-8484.

**Brampton $983,000** — **87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — **Mavis/Derry:**Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** — Photo Not Available. **115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਮਲ ਸਿੰਘ ਬਾਸੀ ਦਾ ਗੋਲਡ ਮੈਡਲ ਨਾਲ ਸਨਮਾਨ



(ਬਰੈਂਪਟਨ/ਬਾਸੀ ਹਰਚੰਦ): ਸੀਨੀਅਰਜ਼ ਦੋਸਤਾਂ ਮਿੱਤਰਾਂ ਵੱਲੋਂ ਦੋਸਤ ਦਾ ਜਨਮ ਦਿਨ ਮਨਾਉਣ ਦੀ ਸ਼ੁਰੂਆਤ ਕਰਕੇ ਗੋਲਡ ਮੈਡਲ ਜਿੱਤਣ ਵਾਲੇ ਮੱਲ ਸਿੰਘ ਬਾਸੀ ਦਾ ਜਨਮ ਦਿਨ ਮਨਾਇਆ ਗਿਆ। ਵਿਪਨਦੀਪ ਸਿੰਘ ਮੜੋਕ ਦੇ ਦਫਤਰ ਅੰਦਰ ਪੰਜਬੀ ਭਵਨ ਵਿੱਚ ਦਰਜਨਾਂ ਦੋਸਤਾਂ ਦੇ ਇਕੱਠ ਵਿੱਚ ਮੱਲ ਸਿੰਘ ਬਾਸੀ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਅਨੇਕਾਂ ਹੋਰ ਤੋਹਫੇ ਅਤੇ ਢੇਰ ਸਾਰੀਆਂ, ਚੰਗੀ ਸਿਹਤ ਤੇ ਲੰਮੀ ਉਮਰ ਦੀਆਂ ਸ਼ੁਭ ਕਾਮਨਾਵਾਂ ਦਿਤੀਆਂ। ਮੱਲ ਸਿੰਘ ਬਾਸੀ ਨੂੰ ਦੋਸਤਾਂ ਮਿੱਤਰਾਂ ਨੇ ਇਸ ਸਨਮਾਨ ਦੇ ਪੂਰੀ ਤਰਾਂ

## 81ਵੇਂ ਜਨਮ ਦਿਨ ਮੌਕੇ ਪ੍ਰੋਗਰਾਮ ਦਾ ਕੀਤਾ ਆਯੋਜਨ

ਯੋਗ ਸਮਝਿਆ। ਉਸ ਨੇ ਆਪਣੇ ਜੀਵਨ ਦੇ ਸਫਰ ਤੇ ਦੌੜਦਿਆਂ ਖੇਡਾਂ ਦੇ ਖੇਤਰ ਵਿੱਚ (ਹੈਂਡਬਾਲ)ਤਿੰਨ ਵਾਰ ਗੋਲਡ ਮੈਡਲ ਜਿੱਤੇ, 1982 ਦੀਆਂ ਏਸ਼ੀਅਨ ਖੇਡਾਂ ਵਿੱਚ ਟੈਕਨੀਕਲ ਆਫੀਸਰ ਦੀ ਡਿਊਟੀ ਨਿਭਾਈ। ਪੰਜਾਬ ਯੂਨੀਵਰਸਿਟੀ ਦੇ ਭੰਗੜੇ ਦੇ ਮੁਕਾਬਲੇ ਵਿੱਚ ਟੀਮ ਦੀ ਕਪਤਾਨੀ ਕਰਕੇ ਗੋਲਡ ਮੈਡਲ ਜਿਤਿਆ। ਖੋਚ ਦੀ ਪੋਸਟ ਤੇ ਅਨੇਕਾਂ ਖਿਣਾਰੀ ਪੈਦਾ ਕੀਤੇ। ਸਮਾਜਿਕ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। 1996 ਤੋਂ ਬਰੈਂਪਟਨ ਆ ਕੇ ਅਨੇਕਾਂ ਸਮਾਜਿਕ ਕੰਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਹੀ ਨਹੀਂ ਸਗੋਂ ਅਗਵਾਈ ਵੀ ਕੀਤੀ ਅਤੇ ਕਰ ਰਿਹਾ ਹੈ । ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਦਾ ਯੂਨਿਟ ਖੜਾ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਅਸੀਂ ਸਾਲ ਦੀ ਉਮਰ ਵਿਚ ਵੀ ਟਿਕ ਕੇ ਬੈਠਣਾ ਉਸ ਦੇ ਹਿੱਸੇ ਨਹੀਂ ਆਇਆ। ਸਿਹਤ ਨੌਜਵਾਨਾਂ ਵਰਗੀ ਹੈ। ਬਹੁਤ ਸਾਰੇ ਆਗੂਆਂ, ਬੁਧੀਜੀਵੀਆਂ ਅਤੇ ਸਮਾਜਕ ਕਾਰਕੁਨਾਂ ਜਨਮ ਦਿਨ ਦੇ ਸਮਾਗਮ ਵਿੱਚ ਪਹੁੰਚ ਕੇ ਸ਼ੁਭ ਕਾਮਨਾਵਾਂ ਦਿਤੀਆਂ ਜਿੰਨਾ ਵਿਚ, ਬੀਬੀ ਕਮਲ ਖੈਰਾ ਐਮ ਪੀ, ਮਨਿੰਦਰ ਸਿੱਧੂ ਐਮ ਪੀ, ਵਿਪਨਦੀਪ ਸਿੰਘ ਮੜੋਕ ਐਡਵੋਕੇਟ, ਜੰਗੀਰ ਸਿੰਘ ਸੈਂਭੀ ਪ੍ਰਧਾਨ ਸੀਨੀਅਰਜ਼ ਅਸੋਸੀਏਸ਼ਨ, ਹਰਜੀਤ ਜੰਜੂਆ ਰੇਡੀਓ ਹੋਸਟ,ਸੱਤਪਾਲ ਸਿੰਘ ਜੌਹਲ, ਹਰਕੀਰਤ ਸਿੰਘ ਸਿਟੀ ਕੌਂਸਲਰ, ਕੁਲਵੰਤ ਸਿੰਘ ਬੱਲ ਕੈਪਟਨ, ਹਰਭਜਨ ਸਿੰਘ ਨੰਗਲੀਆ, ਨਰਿੰਦਰਜੀਤ ਸਿੰਘ ਮੱਟੂ, ਅਨੁਰਾਗ ਸਿੰਗਲਾ ਆਪ ਆਗੂ, ਵਿਕਰਮ ਸ੍ਰੀਵਾਤਵ ਆਪ ਆਗੂ, ਪ੍ਰਿੰਸੀਪਲ ਸੰਜੀਵ ਧਵਨ, ਸੁਲੱਖਣ ਸਿੰਘ, ਸੁਖਰਾਜ ਪੱਡਾ ਪੰਜਾਬੀ ਇੰਡੀਆ ਬਜਾਰ ਰੈਸਟੋਰੈਂਟ, ਸੁਰਿੰਦਰ ਸਿੰਘ ਪਾਮਾ ਪੰਜਾਬੀ ਲੇਖਕ, ਹਰਪਾਲ ਸਿੰਘ ਰਾਮਦਿਆਲੀ, ਬੀਬੀ ਅਮਨ ਕਲੇਰ, ਅਮਰਜੀਤ ਸਿੰਘ, ਨਿਰਵੈਰ ਸਿੰਘ ਸਮੇਤ ਹੋਰ ਵਿਅਕਤੀਆਂ ਨੇ ਵੀ ਮੱਲ ਸਿੰਘ ਬਾਸੀ ਦੇ ਕੰਮਾਂ ਦੀ ਖ਼ੂਬ ਪਰਸੰਸਾ ਕੀਤੀ ਅਤੇ ਲੰਮੀ ਅਤੇ ਸਿਹਤਯਾਬ ਉਮਰ ਦੀ ਕਾਮਨਾ ਕੀਤੀ।

ਨਿਮਰ ਅਤੇ ਘੁਲਣਮਿਲਣ ਅਤੇ ਸਹਿਣਸ਼ੀਲ ਸੁਭਾਅ ਵਾਲੇ ਵਿਪਨਦੀਪ ਸਿੰਘ ਮੜੋਕ ਐਵੋਕੇਟ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਪੰਜਾਬੀ ਭਵਨ ਦੀ ਮੁਫਤ ਸੇਵਾ ਕੀਤੀ ਹੈ ਉਨ੍ਹਾਂ ਦੇ ਇਸ ਉਤਮ ਕਾਰਜ ਦੀ ਹਰਚੰਦ ਸਿੰਘ ਬਾਸੀ ਸਟੇਜ ਸਕੱਤਰ ਨੇ ਭਰਭੂਰ ਸਲਾਹੁਤਾ ਕੀਤੀ ਲੋਕਾਂ ਨੇ ਤਾੜੀਆਂ ਮਾਰ ਕੇ ਸੁਆਗਤ ਕੀਤਾ। ਵਿਪਨਦੀਪ ਸਿੰਘ ਨੇ ਅਨਾਊਂਸ ਕੀਤਾ ਕਿ ਕਿਸੇ ਵੀ ਸੀਨੀਅਰ ਨੇ ਆਪਣਾ ਜਨਮ ਦਿਨ ਇਸ ਤਰ੍ਹਾਂ ਮਨਾਉਣਾ ਹੋਵੇ ਤਾਂ ਪੰਜਾਬੀ ਭਵਨ ਦੇ ਦਰਵਾਜੇ ਖੁੱਲੇ ਹਨ ਜਿਸ ਦਾ ਹਾਜ਼ਰ ਵਿਅੱਕਤੀ ਨੇ ਤਾੜੀਆਂ ਮਾਲ ਕੇ ਸੁਆਗਤ ਕੀਤਾ। ਮੱਲ ਸਿੰਘ ਬਾਸੀ ਨੇ ਜਨਮ ਦਿਨ ਦੇ ਸਮਾਗਮ ਵਿੱਚ ਸ਼ੁਭ ਕਾਮਨਾਵਾਂ ਦੇ ਆਏ ਸਾਰੇ ਦੋਸਤਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਸੁਖਰਾਜ ਪੱਡਾ ਪੰਜਬੀ ਇੰਡੀਅਨ ਬਜਾਰ ਰੈਸਟੋਰੈਂਟ ਵਾਲਿਆਂ ਦੇ ਅਤਿ ਸੁਆਦਲੇ ਭੋਜਨ ਦੀ ਸੱਭ ਨੇ ਪਸੰਸਾ ਕੀਤੀ। ਹਰਚੰਦ ਸਿੰਘ ਬਾਸੀ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਮਹੌਲ ਖ਼ੂਬ ਖ਼ੁਸ਼ਗਵਾਰ ਬਣਾਈ ਰੱਖਿਆ ਜਿਸ ਦੀ ਮੈਂਬਰਾ ਖ਼ੂਬ ਦਾਤ ਦਿਤੀ।

13ਵੀਂ ਅੰਤਰ ਰਾਸ਼ਟਰੀ ਕਾਨਫਰੰਸ ਆਫ ਪਾਰਟੀਜ਼, ਗੁਜਰਾਤ

# ਦੇਸ਼ 'ਚ ਪ੍ਰਵਾਸੀ ਪੰਛੀਆਂ ਦੀ ਆਮਦ ਘਟਣਾ ਚਿੰਤਾ ਦਾ ਵਿਸ਼ਾ : ਧਰਮਸੋਤ



ਚੰਡੀਗੜ੍ਹ, 18 ਫਰਵਰੀ (ਗਿਆਨ ਸਿੰਘ): ਪੰਜਾਬ ਦੇ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਦੇਸ਼ 'ਚ ਆਉਣ ਵਾਲੇ ਵੱਖ-ਵੱਖ ਪ੍ਰਜਾਤੀਆਂ ਦੇ ਪੰਛੀਆਂ/ਜੀਵ ਜੰਤੂਆਂ ਦੀ ਆਮਦ ਘਟਣ ਨੂੰ ਚਿੰਤਾ ਦਾ ਵਿਸ਼ਾ ਕਰਾਰ ਦਿੱਤਾ ਹੈ। ਉਨ੍ਹਾਂ ਪ੍ਰਵਾਸੀ ਜੀਵਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਢੁੱਕਵਾਂ ਵਾਤਾਵਰਣ ਸਿਰਜਣ ਸਬੰਧੀ ਉਪਰਾਲੇ ਕਰਨ 'ਤੇ ਜ਼ੋਰ ਦਿੱਤਾ ਹੈ।

ਗੁਜਰਾਤ ਦੇ ਗਾਂਧੀ ਨਗਰ ਵਿਖੇ 6 ਰੋਜ਼ਾ 13ਵੀਂ ਅੰਤਰ ਰਾਸ਼ਟਰੀ ਕਾਨਫਰੰਸ ਆਫ ਪਾਰਟੀਜ਼ (ਸੀ.ਓ.ਪੀ.) 'ਚ ਭਾਗ ਲੈਂਦਿਆਂ ਉਨ੍ਹਾਂ ਕਿਹਾ ਕਿ ਜੰਗਲੀ ਜੀਵ ਜੰਤੂਆਂ ਦੀਆਂ ਪ੍ਰਵਾਸੀ ਪ੍ਰਜਾਤੀਆਂ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਆਮਦ ਅਤੇ ਦੇਖਭਾਲ ਅਤੇ ਉਨ੍ਹਾਂ ਦੇ ਰਹਿਣ ਲਈ ਢੁੱਕਵੀਆਂ ਥਾਵਾਂ 'ਤੇ ਪ੍ਰਬੰਧ ਕਰਨੇ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਮਨੁੱਖ ਵੱਲੋਂ ਬਣਾਏ ਗਏ ਇਲੈਕਟ੍ਰੋਨਿਕ ਉਪਕਰਨਾਂ, ਮੋਬਾਇਲ ਫੋਨਾਂ ਦੇ ਟਾਵਰਾਂ ਸਮੇਤ ਹੋਰ ਕਈ ਪ੍ਰਕਾਰ ਦੀਆਂ ਕਿਰਨਾਂ ਕਰਕੇ ਭਾਰਤ ਦੇਸ਼ ਵਿਚ ਕਈ ਪ੍ਰਕਾਰ ਦੇ ਪੰਛੀਆਂ ਤੇ ਜੀਵਾਂ ਦੀ ਆਮਦ ਘੱਟ ਗਈ ਹੈ।

13ਵੀਂ ਕਾਨਫਰੰਸ ਆਫ ਪਾਰਟੀਜ਼ ਦਾ ਮੁੱਖ ਉਦੇਸ਼ ਵੱਖੋ-ਵੱਖਰੇ ਦੇਸ਼ਾਂ ਨਾਲ ਮਿਲ ਕੇ ਵੱਖ-ਵੱਖ ਜੀਵ ਜੰਤੂਆਂ ਅਤੇ ਪੰਛੀਆਂ ਦੀ ਸੰਭਾਲ ਅਤੇ ਬਚਾਅ ਲਈ ਕੰਮ ਕਰਨਾ ਹੈ, ਜੋ ਇੱਕ ਥਾਂ ਤੋਂ ਪ੍ਰਵਾਸ ਕਰਦੇ ਹਨ। ਹਰ ਵਰ੍ਹੇ ਸਰਦੀਆਂ ਦੇ ਮੌਸਮ ਵਿੱਚ ਹਜ਼ਾਰਾਂ ਪ੍ਰਵਾਸੀ ਪੰਛੀ ਪੰਜਾਬ ਵੱਲ ਆਕਰਸ਼ਿਤ ਹੋ ਕੇ ਇੱਥੇ ਪਹੁੰਚਦੇ ਹਨ। ਇਹ ਪੰਛੀ ਸਾਈਬੇਰੀਆ ਵਰਗੇ ਦੂਰ ਦੁਰਾਡੇ ਦੇ ਖੇਤਰਾਂ ਤੋਂ ਇੱਥੇ ਆਉਂਦੇ ਹਨ ਅਤੇ 2-3 ਮਹੀਨੇ ਇੱਥੇ ਵੈਟਲੈਂਡਜ਼ ਵਿਖੇ ਗੁਜ਼ਾਰਦੇ ਹਨ।

ਉਦਘਾਟਨ ਮਗਰੋਂ ਅੱਜ ਕਈ ਵੱਖ-ਵੱਖ ਤਕਨੀਕੀ ਸ਼ੈਸ਼ਨ ਆਯੋਜਿਤ ਕੀਤੇ ਗਏ, ਜਿਸ ਮੌਕੇ ਪੰਜਾਬ ਦੇ ਵੈਟਲੈਂਡ ਖੇਤਰਾਂ ਕੇਸ਼ੋਪੁਰ, ਨੰਗਲ ਅਤੇ ਬਿਆਸ ਆਦਿ ਦਾ ਵਿਸ਼ੇਸ਼ ਜ਼ਿਕਰ ਵੀ ਕੀਤਾ ਗਿਆ। ਇਸ ਮੌਕੇ ਰਾਮਸਰ ਸਾਈਟਾਂ ਹਰੀਕੇ, ਰੋਪੜ ਅਤੇ ਕਾਂਜਲੀ ਸਬੰਧੀ ਵੀ ਚਰਚਾ ਕੀਤੀ ਗਈ। ਇਸ ਮੌਕੇ ਪੰਜਾਬ 'ਚ ਜੰਗਲੀ ਖੇਤਰ ਘੱਟ ਹੋਣ ਦੇ ਬਾਵਜੂਦ ਇੱਥੇ ਸਥਿਤ ਖੇਤਰਾਂ ਵਿਚੇ ਪ੍ਰਵਾਸੀ ਜੀਵ ਜੰਤੂਆਂ/ਪੰਛੀਆਂ ਦੀ ਆਮਦ ਸਬੰਧੀ ਵੀ ਸ਼ਲਾਘਾ ਕੀਤੀ ਗਈ।

ਧਰਮਸੋਤ ਨੇ ਕਾਨਫਰੰਸ ਹਾਲ ਵਿਖੇ ਲਗਾਏ ਗਏ ਪੰਜਾਬ ਸਟਾਲ ਦਾ ਰਸਮੀ ਉਦਘਾਟਨ ਵੀ ਕੀਤਾ ਅਤੇ ਵੱਖ-ਵੱਖ ਡੈਲੀਗੇਟਾਂ ਨਾਲ ਗੱਲਬਾਤ ਵੀ ਕੀਤੀ। ਇਸ ਸਟਾਲ 'ਚ ਪੰਜਾਬ ਵੱਲੋਂ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਸਬੰਧੀ ਚੁੱਕੇ ਕਦਮਾਂ ਨੂੰ ਦਰਸਾਉਂਦੇ ਵੱਖ-ਵੱਖ ਪੈਫਲੈਂਟ ਅਤੇ ਬਰਾਊਸ਼ਰ ਵੀ ਪ੍ਰਦਰਸਿਤ ਕੀਤੇ ਗਏ।

22 ਫ਼ਰਵਰੀ ਤੱਕ ਚੱਲਣ ਵਾਲੀ ਇਸ ਕਾਨਫਰੰਸ ਦਾ ਰਸਮੀ ਉਦਘਾਟਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਕੀਤਾ। ਕੇਂਦਰੀ ਜੰਗਲਾਤ ਤੇ ਵਾਤਾਵਰਣ ਮੰਤਰੀ ਸ੍ਰੀ ਪ੍ਰਕਾਸ਼ ਜਾਵਡੇਕਰ ਅਤੇ ਬਾਬੂਲ ਸੁਪ੍ਰੀਆ, ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੁਪਾਨੀ, ਭਾਰਤ ਦੇ ਵੱਖ-ਵੱਖ ਰਾਜਾਂ ਦੇ ਜੰਗਲਾਤ ਮੰਤਰੀ ਇਸ ਮੌਕੇ ਹਾਜ਼ਰ ਸਨ। ਇਸ ਮੌਕੇ ਪੰਜਾਬ ਜੰਗਲਾਤ ਵਿਭਾਗ ਦੇ ਮੁੱਖ ਵਣਪਾਲ ਜੰਗਲੀ ਜੀਵ ਬਸੰਤਾ ਰਾਜ ਕੁਮਾਰ, ਵਣਪਾਲ ਮੁਨੀਸ਼ ਕੁਮਾਰ, ਫੀਲਡ ਡਾਇਰੈਕਟਰ ਐਮ. ਸੁਦਾਗਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA


CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



Experienced, Established & Committed
Alliance Legal Services
Professional Corporation



Legal Counsel:
Jack Fireman, Q.C.

ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?



ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953



ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਸੰਪਾਦਕੀ

## ਮਨੁੱਖੀ ਤਸਕਰੀ ਵਿਰੁੱਧ ਲਾਮਵੰਦ ਹੋਣ ਦੀ ਲੋੜ

ਬਰੈਂਪਟਨ ਵਿੱਚ 19 ਕੁ ਸਾਲਾ ਅੰਤਰਰਾਸ਼ਟਰੀ ਪੰਜਾਬਣ ਵਿੱਦਿਆਰਥਣ ਨੂੰ ਇੱਕ ਅੱਧਖੜ ਉਮਰ ਦਾ ਬੰਦਾ ਇਸ ਲਾਲਚ ਵਿੱਚ ਟੋਰਾਂਟੋ ਲੈ ਜਾਂਦਾ ਹੈ ਕਿ ਉਸ ਲਈ ਦਫ਼ਤਰ ਦੀ ਜੌਬ ਉਪਲਬਧ ਹੋਵੇਗੀ। ਬਹਾਨਾ ਸੀ ਕਿ ਸਿਰਫ਼ ਇੰਟਰਵਿਊ ਲਈ ਟੋਰਾਂਟੋ ਜਾਣਾ ਹੈ ਜਦੋਂ ਕਿ ਕੰਮ ਬਰੈਂਪਟਨ ਵਿੱਚ ਹੋਵੇਗਾ। ਵਿਚਾਰੀ ਨੂੰ ਨਹੀਂ ਸੀ ਪਤਾ ਕਿ ਇਹ ਜੌਬ ਇੰਟਰਵਿਊ ਨਹੀਂ ਸਗੋਂ ਮੂੰਹ ਕਾਲਾ ਕਰਨ ਤੋਂ ਬਾਅਦ ਇਸ ਆਦਮੀ ਦਾ ਇਰਾਦਾ ਲੜਕੀ ਨੂੰ ਆਪਣੇ ਅਜਿਹੇ ਕਬਜ਼ੇ ਵਿੱਚ ਕਰਨ ਦਾ ਸੀ ਜਿੱਥੇ ਤੋਂ ਉਹ ਨਾ ਕੋਈ ਸ਼ਿਕਾਇਤ ਕਰ ਸਕਦੀ ਸੀ ਅਤੇ ਨਾ ਹੀ ਉਸਦੇ ਚੁੰਗਲ ਵਿੱਚੋਂ ਨਿਕਲ ਸਕਦੀ ਸੀ। ਇਹ ਸੱਚੀ ਕਹਾਣੀ ਹੈ ਜਿਸਦੀ ਜਾਣਕਾਰੀ ਪੰਜਾਬੀ ਪੋਸਟ ਕੋਲ ਗੁਪਤ ਰੂਪ ਵਿੱਚ ਮੌਜੂਦ ਹੈ। ਕਮਿਉਨਿਟੀ ਵਿੱਚ ਇਹ ਖ਼ਬਰ ਆਮ ਹੈ ਕਿ ਨਿੱਕੀ ਉਮਰ ਵਿੱਚੋਂ ਘਰੋਂ ਨਿਕਲ ਕੇ ਚੰਗੇ ਕੈਰੀਅਰ ਦੀ ਤਲਾਸ਼ ਵਿੱਚ ਆਈਆਂ ਬਹੁਤ ਸਾਰੀਆਂ ਲੜਕੀਆਂ ਨੂੰ ਗਲਤ ਅਨਸਰਾਂ ਵੱਲੋਂ ਇੱਕ ਤੋਂ ਦੂਜੀ ਥਾਂ ਲਿਜਾ ਕੇ ਸੋਸ਼ਣ ਕੀਤਾ ਜਾਂਦਾ ਹੈ, ਸਰੀਰਕ ਅਤੇ ਆਰਥਕ ਸੋਸ਼ਣ। ਇਸ ਕਿਸਮ ਦੇ ਪਿਛੋਕੜ ਵਿੱਚ ਟੋਰਾਂਟੋ ਦੇ Covenant House ਵੱਲੋਂ ਜਾਰੀ ਕੀਤੀ ਗਈ ਮਨੁੱਖੀ ਤਸਕਰੀ ਬਾਰੇ ਰਿਪੋਰਟ ਸਰਕਾਰ, ਮੀਡੀਆ, ਪੁਲੀਸ, ਸਮਾਜਿਕ ਕਰਮੀਆਂ ਅਤੇ ਧਰਮ ਦੇ ਰਖਵਾਲਿਆਂ ਨੂੰ ਚੇਤੰਨ ਹੋਣ ਲਈ ਇੱਕ ਹੈ।

ਅੱਜ ਤੋਂ ਤਿੰਨ ਦਿਨ ਬਾਅਦ ਭਾਵ 22 ਫਰਵਰੀ ਨੂੰ ਮਨੁੱਖੀ ਤਸਕਰੀ ਵਿਰੁੱਧ ਚੇਤਨਾ ਦਿਵਸ ਹੈ। ਇਹ ਦਿਵਸ ਉਂਟੇਰੀਓ ਵਿੱਚ ਹਰ ਸਾਲ 2017 ਤੋਂ ਮਨਾਇਆ ਜਾ ਰਿਹਾ ਹੈ। ਇਸਨੂੰ ਸਾਡੇ ਫੈਡਰਲ ਕਾਨੂੰਨ ਘਾੜਿਆਂ (ਪਾਰਲੀਮੈਂਟ ਦੇ ਮੈਂਬਰਾਂ) ਦਾ ਅਗਿਆਨ ਹੀ ਆਖਿਆ ਜਾ ਸਕਦਾ ਹੈ ਜਿਹਨਾਂ ਨੇ 2006 ਵਿੱਚ ਅੰਤਰਰਾਸ਼ਟਰੀ ਸਰਹੱਦਾਂ ਉੱਤੇ ਹੁੰਦੀ ਮਨੁੱਖੀ ਤਸਕਰੀ ਦੀ ਨਿਖੇਧੀ ਕਰਨ ਵਾਲਾ ਮਤਾ ਪਾਸ ਕੀਤਾ ਸੀ। ਸ਼ਾਇਦ ਉਹ ਨਹੀਂ ਸਨ ਜਾਣਦੇ ਕਿ ਮਨੁੱਖੀ ਤਸਕਰੀ ਦਾ ਜਿੰਨਾ ਜਾਲਮ ਪੰਜਾ ਅੰਤਰਰਾਸ਼ਟਰੀ ਸਰਹੱਦਾਂ ਉੱਤੇ ਫੈਲਿਆ ਹੋਇਆ ਹੈ, ਉੱਨਾ ਹੀ ਇਸਦਾ ਮਾਰੂ ਪ੍ਰਭਾਵ ਕੈਨੇਡਾ ਦੇ ਅੰਦਰ ਹੈ। ਦੂਰ ਕੀ ਜਾਣਾ ਹੈ, ਪੀਲ ਰੀਜਨ ਨੂੰ ਮਨੁੱਖੀ ਤਸਕਰੀ ਦੇ ਲਿਹਾਜ਼ ਨਾਲ ਕੈਨੇਡਾ ਦੀ ਰਾਜਧਾਨੀ ਆਖਿਆ ਜਾਂਦਾ ਹੈ। ਇਸੇ ਕਾਰਣ ਵੱਡੀ ਤਾਦਾਤ ਵਿੱਚ ਆ ਰਹੇ ਅੰਤਰਰਾਸ਼ਟਰੀ ਵਿੱਦਿਆਰਥੀਆਂ ਖਾਸ ਕਰਕੇ ਵਿੱਦਿਆਰਥਣਾ ਦੀ ਇਸ ਰੀਜਨ ਵਿੱਚ ਹਾਜ਼ਰੀ ਕਾਫੀ ਨਾਜ਼ੁਕ ਹੋ ਸਕਦੀ ਹੈ ਜਦੋਂ ਕਮਿਉਨਿਟੀ ਵਿੱਚ ਸਾਊਆਂ ਦੇ ਰੂਪ ਵਿੱਚ ਭੇੜੀਏ ਵੀ ਕਾਫੀ ਪਾਏ ਜਾਂਦੇ ਹਨ।

ਫੈਮਲੀ ਸਰਵਿਸਜ਼ ਆਫ ਪੀਲ ਵੱਲੋਂ Peel Institute of Violence Prevention ਦੇ ਸਹਿਯੋਗ ਨਾਲ ਮਈ 2019 ਵਿੱਚ ਮਨੁੱਖੀ ਤਸਕਰੀ ਬਾਰੇ ਇੱਕ ਲੋੜ ਆਧਾਰਿਤ ਮੁਲਾਂਕਣ (needs assessment) ਰਿਪੋਰਟ ਜਾਰੀ ਕੀਤੀ ਗਈ ਸੀ। ਇਸ ਰਿਪੋਰਟ ਵਿੱਚ ਪੀਲ ਪੁਲੀਸ ਵੱਲੋਂ ਜਾਰੀ ਅੰਕੜਿਆਂ ਦੇ ਆਧਾਰ ਉੱਤੇ ਦੱਸਿਆ ਗਿਆ ਕਿ ਕੈਨੇਡਾ ਵਿੱਚ ਹੁੰਦੇ ਮਨੁੱਖੀ ਤਸਕਰੀ ਦੇ 62.5% ਕੇਸਾਂ ਦੀ ਜੜ ਗਰੇਟਰ ਟੋਰਾਂਟੋ ਏਰੀਆ ਵਿਸ਼ੇਸ਼ ਕਰਕੇ ਮਿਸੀਸਾਗਾ ਅਤੇ ਬਰੈਂਪਟਨ ਵਿੱਚ ਪਾਈ ਜਾਂਦੀ ਹੈ। ਮਨੁੱਖੀ ਤਸਕਰੀ ਜੁਰਮ ਦਾ 95% ਸ਼ਿਕਾਰ ਔਰਤਾਂ ਹੁੰਦੀਆਂ ਹਨ ਜਿਹਨਾਂ ਵਿੱਚ 72% ਦੀ ਉਮਰ 25 ਸਾਲ ਤੋਂ ਘੱਟ ਹੁੰਦੀ ਹੈ।

ਕੈਨੇਡਾ ਦੇ ਔਰਤਾਂ ਬਾਰੇ ਮਹਿਕਮੇ ਅਨੁਸਾਰ ਮਨੁੱਖੀ ਤਸਕਰੀ (Human Trafficking ) ਉਹ ਜੁਰਮ ਹੈ ਜਿਸ ਵਿੱਚ ਕਿਸੇ ਮਨੁੱਖ ਨੂੰ ਜ਼ਬਰੀ, ਧੋਖੇ, ਨਸ਼ੇ ਆਦਿ ਨਾਲ ਸੈਕਸੂਅਲ ਸੋਸ਼ਣ ਜਾਂ ਜਬਰੀ ਲੇਬਰ ਆਦਿ ਗਲਤ ਮੰਤਵਾਂ ਵਾਸਤੇ ਇੱਕ ਥਾਂ ਤੋ ਦੂਜੀ ਥਾਂ ਲਿਜਾ ਕੇ ਉਸਦੀ ਅਜ਼ਾਦੀ ਉੱਤੇ ਬੰਨਣ ਲਾ ਦਿੱਤੇ ਜਾਂਦੇ ਹਨ।

ਜੋ ਲੜਕੀਆਂ ਗਰੀਬ ਪਰਿਵਾਰਾਂ ਵਿੱਚੋਂ ਆਉਂਦੀਆਂ ਹਨ, ਸਮਾਜਕ ਅਤੇ ਆਰਥਿਕ ਪੱਖ ਤੋਂ ਪੱਛੜੀਆਂ ਹਨ ਜਾਂ ਮੂਲਵਾਸੀ ਜਾਂ ਕੈਨੇਡਾ ਵਿੱਚ ਨਵੀਆਂ ਆਈਆਂ ਹਨ, ਉਹਨਾਂ ਦੇ ਇਸ ਜੁਰਮ ਦੇ ਚੁੰਗਲ ਵਿੱਚ ਫਸ ਜਾਣ ਦੇ ਆਸਾਰ ਜ਼ਿਆਦਾ ਹੁੰਦੇ ਹਨ। ਹਾਈ ਸਕੂਲ ਵਿੱਚ ਪੜਦੀਆਂ ਲੜਕੀਆਂ ਨੂੰ ਚਲਾਕ ਕਿਸਮ ਦੇ ਲੋਕਾਂ ਵੱਲੋਂ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਹੈ ਜਦੋਂ ਕਿ ਬਹੁਤੀ ਵਾਰ ਮਾਪਿਆਂ ਨੂੰ ਪਤਾ ਵੀ ਨਹੀਂ ਚੱਲਦਾ। ਇਸ ਧੰਦੇ ਨੂੰ ਪਨਪਣ ਦਾ ਸੱਭ ਤੋਂ ਵੱਧ ਅਵਸਰ ਇਸ ਲਈ ਮਿਲਦਾ ਹੈ ਕਿ ਖੁਦ ਨੂੰ ਸ਼ਰੀਫ਼ ਅਖਵਾਉਣ ਵਾਲੇ ਲੋਕ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦੇ। ਜ਼ਿਆਦਾਤਰ ਲੋਕ ਆਪਣੀ ਇੱਜ਼ਤ ਨੂੰ ਪਰਦੇ ਵਿੱਚ ਲੁਕਾ ਕੇ ਰੱਖਣ ਨੂੰ ਤਰਜੀਹ ਦੇਂਦੇ ਹਨ ਜਦੋਂ ਕਿ ਲੋੜ ਹੈ ਕਿ ਇਸ ਬਾਰੇ ਖੁੱਲ ਕੇ ਗੱਲ ਕੀਤੀ ਜਾਵੇ ਅਤੇ ਗਲਤ ਅਨਸਰਾਂ ਨੂੰ ਪਹਿਚਾਣਿਆ ਜਾਵੇ। ਬੇਸ਼ੱਕ ਇਹ ਕੋਈ ਸੌਖਾ ਕੰਮ ਨਹੀਂ ਹੈ ਪਰ ਸਾਡੀ ਚੁੱਪ ਨੇ ਇਸਨੂੰ ਅਸੰਭਵ ਬਣਾ ਦਿੱਤਾ ਹੈ। ਇਸ ਜੁਰਮ ਵਿਰੁੱਧ ਲਾਮਵੰਦ ਹੋਣ ਲਈ ਸਾਰਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ 22 ਫਰਵਰੀ ਦਾ ਦਿਨ ਮਹਿਜ਼ ਇੱਕ ਰਸਮ ਵਾਗੂੰ ਸਾਡੇ ਸਾਹਮਣੇ ਤੋਂ ਨਾ ਗੁਜ਼ਰ ਜਾਵੇ ਅਤੇ ਮਨੁੱਖੀ ਤਰਾਸਦੀ ਜਿਉਂ ਦੀ ਤਿਉਂ ਸਾਡੀਆਂ ਬਰੂਹਾਂ ਉੱਤੇ ਮਨਮਰਜ਼ੀਆਂ ਕਰਦੀ ਰਹੇ।

# ਜ਼ਾਪਾਨ ਦੇ ਤੱਟ 'ਤੇ ਖੜ੍ਹੇ ਬੇੜੇ 'ਚ ਸਵਾਰ ਕੈਨੇਡੀਅਨਾਂ 'ਚੋਂ 43 ਨੂੰ ਕੋਰੋਨਾਵਾਇਰਸ ਹੋਣ ਦੀ ਪੁਸ਼ਟੀ

...ਪੰਨਾ 1 ਦਾ ਬਾਕੀ

ਮੰਗਲਵਾਰ ਨੂੰ ਪੂਰਬੀ ਓਨਟਾਰੀਓ ਵਿੱਚ ਟਰੈਂਟਨ ਸਥਿਤ ਕੈਨੇਡੀਅਨ ਸੈਨਾਵਾਂ ਦੇ ਟਿਕਾਣੇ ਉੱਤੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਸਰਕਾਰ ਬੇੜੇ ਉੱਤੇ ਸਵਾਰ ਕੁਝ ਯਾਤਰੀਆਂ ਦੇ ਸੰਪਰਕ ਵਿੱਚ ਨਹੀਂ ਹੈ ਤੇ ਕਈਆਂ ਨੇ ਇਹੋ ਸੰਕੇਤ ਦਿੱਤਾ ਹੈ ਕਿ ਉਹ ਜਾਪਾਨ ਵਿੱਚ ਹੀ ਆਪਣੇ ਪਰਿਵਾਰ ਨਾਲ ਰਹਿਣਗੇ।

ਸਿਹਤ ਮੰਤਰੀ ਨੇ ਵੂਹਾਨ, ਚੀਨ ਤੋਂ ਲਿਆ ਕੇ ਇੱਥੇ ਰੱਖੇ ਗਏ ਕੈਨੇਡੀਅਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਭ ਸੰਭਾਲ ਕਰ ਰਹੇ ਹੈਲਥ ਵਰਕਰਜ਼, ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੇ ਮੈਂਬਰਾਂ ਤੇ ਰੈੱਡ ਕਰੌਸ ਦੇ ਸਟਾਫ ਨਾਲ ਮੁਲਾਕਾਤ ਕੀਤੀ। ਹੈਲਥ ਅਧਿਕਾਰੀਆਂ ਨੇ ਦੱਸਿਆ ਕਿ ਇੱਥੇ ਲਿਆਂਦੇ ਗਏ ਕੈਨੇਡੀਅਨਾਂ ਵਿੱਚੋਂ ਕਿਸੇ ਵਿੱਚ ਵੀ ਕੋਰੋਨਾਵਾਇਰਸ ਦੇ ਲੱਛਣ ਨਹੀਂ ਪਾਏ ਗਏ।

# ਓਨਟਾਰੀਓ ਵਿਧਾਨਸਭਾ ਦੀ ਕਾਰਵਾਈ ਮੁੜ ਸ਼ੁਰੂ, ਅਧਿਆਪਕ ਪ੍ਰੋਵਿੰਸ ਪੱਧਰੀ ਹੜਤਾਲ ਲਈ ਤਿਆਰ

ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਸਰਦ ਰੁੱਤ ਦੀਆਂ ਛੁੱਟੀਆਂ ਤੋਂ ਬਾਅਦ ਓਨਟਾਰੀਓ ਵਿਧਾਨ ਸਭਾ ਦੀ ਕਾਰਵਾਈ ਮੰਗਲਵਾਰ ਨੂੰ ਸ਼ੁਰੂ ਹੋ ਗਈ। ਇਸ ਦੌਰਾਨ ਪ੍ਰੋਵਿੰਸ ਦੇ ਪਬਲਿਕ ਸਕੂਲ ਅਧਿਆਪਕਾਂ ਵੱਲੋਂ ਸਿਲਸਿਲੇਵਾਰ ਹੜਤਾਲਾਂ ਦਾ ਸਿਲਸਿਲਾ ਜਿਹੜਾ ਸ਼ੁਰੂ ਕੀਤਾ ਗਿਆ ਹੈ ਉਹ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ।



ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਤੇ ਚਾਰ ਵੱਡੀਆਂ ਅਧਿਆਪਕ ਯੂਨੀਅਨਾਂ ਦਰਮਿਆਨ ਕਾਂਟਰੈਕਟ ਸਬੰਧੀ ਗੱਲਬਾਤ ਵਿਚਾਲੇ ਖੜੋਤ ਆਈ ਪਈ ਹੈ। ਇਸ ਤੋਂ ਇਲਾਵਾ ਹੁਣ ਸ਼ੁੱਕਰਵਾਰ ਨੂੰ ਪ੍ਰੋਵਿੰਸ ਪੱਧਰ ਉੱਤੇ ਅਧਿਆਪਕਾਂ ਵੱਲੋਂ ਹੜਤਾਲ ਕੀਤੀ ਜਾਵੇਗੀ ਤੇ ਇਸ ਨਾਲ ਲੱਗਭਗ ਦੋ ਮਿਲੀਅਨ ਵਿਦਿਆਰਥੀਆਂ ਦੇ ਕਲਾਸਾਂ ਵਿੱਚੋਂ ਬਾਹਰ ਰਹਿਣ ਦੀ ਸੰਭਾਵਨਾ ਹੈ।

ਹਾਊਸ ਲੀਡਰ ਪਾਲ ਕੈਲੈਂਡਰਾ ਨੇ ਇਹ ਸਵੀਕਾਰ ਕੀਤਾ ਕਿ ਨਵੇਂ ਲੈਜਿਸਲੇਟਿਵ ਸੈਸ਼ਨ ਦੀ ਸ਼ੁਰੂਆਤ ਲੇਬਰ ਵਿਵਾਦ ਨਾਲ ਹੋਵੇਗੀ। ਪਰ ਉਨ੍ਹਾਂ ਆਖਿਆ ਕਿ ਅਜੇ ਸਰਕਾਰ ਦਾ ਬੈਕ-ਟੂ-ਵਰਕ ਲੈਜਿਸਲੇਸ਼ਨ ਲਿਆਉਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਆਖਿਆ ਕਿ ਸਾਨੂੰ ਅਜੇ ਵੀ ਇਸ ਸਬੰਧ ਵਿਚ ਸਮਝੌਤਾ ਹੋਣ ਦੀ ਆਸ ਹੈ। ਯੂਨੀਅਨਾਂ ਦਾ ਕਹਿਣਾ ਹੈ ਕਿ ਉਹ ਸਰਕਾਰ ਵੱਲੋਂ ਕਲਾਸਾਂ ਦੇ ਵਧਾਏ ਗਏ ਆਕਾਰ ਤੇ ਲਾਜ਼ਮੀ ਕੀਤੀ ਗਈ ਈ-ਲਰਨਿੰਗ ਦਾ ਵੀ ਵਿਰੋਧ ਕਰ ਰਹੇ ਹਨ। ਸਰਕਾਰ ਦਾ ਕਹਿਣਾ ਹੈ ਕਿ ਕਾਂਟਰੈਕਟ ਸਬੰਧੀ ਗੱਲਬਾਤ ਦਾ ਮੁੱਖ ਮੁੱਦਾ ਮੁਆਵਜ਼ਾ ਹੈ, ਯੂਨੀਅਨਾਂ ਤਨਖਾਹਾਂ ਵਿੱਚ ਦੋ ਫੀ ਸਦੀ ਵਾਧੇ ਦੀ ਮੰਗ ਕਰ ਰਹੀਆਂ ਹਨ, ਜਦਕਿ ਪ੍ਰੋਵਿੰਸ ਸਿਰਫ ਇੱਕ ਫੀ ਸਦੀ ਵਾਧੇ ਦੀ ਪੇਸ਼ਕਸ਼ ਕਰ ਰਿਹਾ ਹੈ।

# ਕਮੇਟੀ ਵਿੱਚ ਨਾਫਟਾ ਬਿੱਲ ਪਾਸ ਕਰਵਾਉਣ ਲਈ ਲਿਬਰਲਾਂ ਨੂੰ ਮਿਲਿਆ ਐਨਡੀਪੀ ਦਾ ਸਹਾਰਾ

...ਪੰਨਾ 1 ਦਾ ਬਾਕੀ

ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲੇਕੀ ਨੇ ਆਖਿਆ ਕਿ ਐਨਡੀਪੀ ਤੇ ਲਿਬਰਲ ਅਜੇ ਪੂਰੀ ਤਰ੍ਹਾਂ ਸਿਰੇ ਨਾ ਚੜ੍ਹੇ ਇਸ ਸਮਝੌਤੇ ਉੱਤੇ ਧਿਆਨ ਕੇਂਦਰਿਤ ਕਰ ਰਹੇ ਹਨ। ਇਸ ਨਾਲ ਹੀ ਇਹ ਵੀ ਤੈਅ ਹੋਵੇਗਾ ਕਿ ਆਉਣ ਵਾਲੀਆਂ ਟਰੇਡ ਡੀਲਜ਼ ਉੱਤੇ ਕਿਸ ਤਰ੍ਹਾਂ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਹ ਫੈਸਲਾ ਫਰੀਲੈਂਡ ਨਾਲ ਕੀਤੀ ਗਈ ਗੱਲਬਾਤ ਦਾ ਹੀ ਨਤੀਜਾ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਤੇ ਮੈਕਸਿਕੋ ਵੱਲੋਂ ਪਹਿਲਾਂ ਹੀ ਇਸ ਸਮਝੌਤੇ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ ਤੇ ਕੈਨੇਡਾ ਹੀ ਅਜਿਹਾ ਦੇਸ਼ ਰਹਿ ਗਿਆ ਹੈ ਜਿਸ ਨੇ ਇਸ ਡੀਲ ਨੂੰ ਪੂਰਾ ਨਹੀਂ ਕੀਤਾ। ਇਹ ਡੀਲ ਉਦੋਂ ਤੱਕ ਲਾਗੂ ਨਹੀਂ ਹੋ ਸਕਦੀ ਜਦੋਂ ਤੱਕ ਤਿੰਨੇ ਦੇਸ਼ ਇਸ ਨੂੰ ਪਾਸ ਨਹੀਂ ਕਰਦੇ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Karam Singh Punia, Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


# ਨੋਟਬੰਦੀ ਦੌਰਾਨ ਰਿਜ਼ਰਵ ਬੈਂਕ ਨੂੰ ਪਟਿਆਲੇ ਦੀਆਂ ਬੈਂਕਾਂ ਤੋਂ ਛੇ ਲੱਖ ਦੇ ਨਕਲੀ ਨੋਟ ਜਾ ਪੁੱਜੇ

ਪਟਿਆਲਾ, 18 ਫਰਵਰੀ (ਪੋਸਟ ਬਿਊਰੋ)- ਨੋਟਬੰਦੀ ਦੌਰਾਨ ਪਟਿਆਲਾ ਦੇ ਵੱਖ-ਵੱਖ ਬੈਂਕਾਂ ਤੋਂ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਭੇਜੇ ਗਏ ਕਰੀਬ ਛੇ ਲੱਖ ਰੁਪਏ ਦੇ ਨਕਲੀ ਨੋਟ ਮਿਲੇ ਸਨ। ਇਹ ਰਕਮ ਆਰ ਬੀ ਆਈ ਨੂੰ ਪਟਿਆਲਾ ਤੋਂ ਸਾਲ 2017 ਤੇ 2018 ਦੌਰਾਨ ਭੇਜੇ ਗਏ ਸਨ।

ਪੁਰਾਣੀ ਕਰੰਸੀ ਦੇ 500 ਅਤੇ ਇੱਕ ਹਜ਼ਾਰ ਦੇ ਨੋਟਾਂ ਦੀ ਚੈਕਿੰਗ ਕੀਤੀ ਗਈ ਤਾਂ ਕਰੀਬ ਛੇ ਲੱਖ ਰੁਪਏ ਦੇ ਨੋਟ ਨਕਲੀ ਮਿਲੇ, ਜਿਸ ਤੋਂ ਬਾਅਦ ਜੈਪੁਰ (ਰਾਜਸਥਾਨ) ਦੇ ਆਰ ਬੀ ਆਈ ਦੇ ਜਨਰਲ ਮੈਨੇਜਰ ਓਮ ਪ੍ਰਕਾਸ਼ ਦੇ ਬਿਆਨਾਂ 'ਤੇ ਜੈਪੁਰ ਪੁਲਸ ਨੇ ਪੰਜ ਬੈਂਕ ਦੀਆਂ ਬ੍ਰਾਂਚਾਂ ਦੇ ਅਣਪਛਾਤਿਆਂ ਦੋਸ਼ੀਆਂ ਉੱਤੇ ਜ਼ੀਰੋ ਐਫ ਆਈ ਆਰ ਦਰਜ ਕਰਨ ਤੋਂ ਬਾਅਦ ਕਾਪੀ ਪਟਿਆਲਾ ਪੁਲਸ ਨੂੰ ਭੇਜੀ ਹੈ। ਇਸ ਤੋਂ ਬਾਅਦ ਪਟਿਆਲਾ ਦੇ ਥਾਣਾ ਸਿਵਲ ਲਾਈਨ ਵਿੱਚ ਕੇਸ ਦਰਜ ਕੀਤਾ ਗਿਆ ਹੈ। ਕੱਲ੍ਹ ਸ਼ਾਮ ਦਰਜ ਹੋਏ ਇਸ ਕੇਸ ਦੀ ਜਾਂਚ ਏ ਐਸ ਆਈ ਜਸਬੀਰ ਸਿੰਘ ਨੂੰ ਸੌਂਪੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਆਰ ਬੀ ਆਈ ਨੂੰ ਅਪ੍ਰੈਲ 2017 ਤੋਂ ਮਾਰਚ 2018 ਦੌਰਾਨ ਪਟਿਆਲਾ ਤੋਂ ਪੰਜਾਬ ਐਂਡ ਸਿੰਧ ਬੈਂਕ, ਭਾਰਤੀ ਸਟੇਟ ਬੈਂਕ, ਸਟੇਟ ਬੈਂਕ ਆਫ ਪਟਿਆਲਾ, ਬ੍ਰਾਂਚ ਪਟਿਆਲਾ, ਐਸ ਬੀ ਓ ਪੀ ਬ੍ਰਾਂਚ ਪਾਤੜਾਂ ਅਤੇ ਐਸ ਬੀ ਓ ਪੀ ਬ੍ਰਾਂਚ ਰਾਜਪੁਰਾ ਤੋਂ ਗਈ ਪੁਰਾਣੀ ਕਰੰਸੀ ਦੀ ਛਾਂਟੀ ਤੇ ਚੈਕਿੰਗ ਵੇਲੇ ਪਾਇਆ ਗਿਆ ਕਿ ਕਰੀਬ ਛੇ ਲੱਖ ਰੁਪਏ ਦੇ 500 ਅਤੇ ਇੱਕ ਹਜ਼ਾਰ ਰੁਪਏ ਦੇ ਨੋਟ ਨਕਲੀ ਹਨ। ਇਸ ਸਬੰਧੀ ਪਹਿਲਾਂ ਪਟਿਆਲਾ ਦੇ ਬੈਂਕਾਂ ਨਾਲ ਤਾਲਮੇਲ ਕੀਤਾ ਗਿਆ, ਪਰ ਕੋਈ ਸੁਰਾਗ ਨਹੀਂ ਲੱਗਾ ਤਾਂ ਜੈਪੁਰ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ। ਨੋਟਬੰਦੀ ਦੌਰਾਨ ਵੱਖ-ਵੱਖ ਬ੍ਰਾਂਚਾ ਵਿੱਚ ਨੋਟ ਜਮ੍ਹਾਂ ਹੋਏ ਸਨ, ਪਰ ਕਿਸ ਅਧਿਕਾਰੀ ਨੇ ਕਦੋਂ ਜਮ੍ਹਾਂ ਕੀਤੇ, ਇਸ ਦਾ ਪਤਾ ਲਾਉਣਾ ਪੁਲਸ ਲਈ ਵੱਡੀ ਚੁਣੌਤੀ ਹੋਵੇਗੀ। ਕੇਸ ਦੀ ਜਾਂਚ ਕਰ ਰਹੇ ਥਾਣਾ ਸਿਵਲ ਲਾਈਨ ਏ ਐਸ ਆਈ ਜਸਬੀਰ ਸਿੰਘ ਨੇ ਕਿਹਾ ਕਿ ਕੇਸ ਬਹੁਤ ਗੰਭੀਰ ਹੈ, ਜਿਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# 28 ਪੁਲਸ ਵਾਲੇ ਰਿਸ਼ਵਤ ਲੈਂਦੇ ਕੈਮਰੇ ਵਿੱਚ ਕੈਦ ਹੋਣ ਦਾ ਕੇਸ ਹਾਈ ਕੋਰਟ ਪਹੁੰਚਿਆ



ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਲੁਧਿਆਣਾ ਦੀ ਦੁਰਗਾ ਮਾਰਕੀਟ ਵਿੱਚ ਲਾਟਰੀ ਏਜੈਂਟ ਦਾ ਕੰਮ ਕਰਦੇ ਇੱਕ ਵਪਾਰੀ ਨੂੰ 28 ਪੁਲਸ ਵਾਲਿਆਂ ਨੇ ਉਸ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਧਮਕੀ ਦੇ ਕੇ ਬਲੈਕਮੇਲ ਕੀਤਾ ਤੇ ਰਿਸ਼ਵਤ ਲਈ। ਰਿਸ਼ਵਤ ਲੈਂਦੇ ਸਾਰੇ 28 ਪੁਲਸ ਵਾਲਿਆਂ ਦੀ ਤਸਵੀਰ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹਨ।

ਏਜੈਂਟ ਸੁਭਾਸ਼ ਉਰਫ਼ ਲਾਟੀ ਨੇ ਦੋਸ਼ੀ ਪੁਲਸ ਵਾਲਿਆਂ ਦੀ ਰਿਸ਼ਵਤ ਲੈਂਦੇ ਹੋਏ ਕੀਤੀ ਰਿਕਾਡਿੰਗ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਨਾਲ ਭੇਜੀ ਤੇ ਕਾਰਵਾਈ ਦੀ ਮੰਗ ਕੀਤੀ, ਪਰ ਕੋਈ ਕਾਰਵਾਈ ਨਹੀਂ ਹੋਈ ਤਾਂ ਉਸ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਰਿਸ਼ਵਤਖੋਰ ਪੁਲਸ ਵਾਲਿਆਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਗੁਹਾਰ ਲਾਈ। ਹਾਈ ਕੋਰਟ ਨੇ ਇਸ ਦੀ ਸੁਣਵਾਈ ਕਰਦੇ ਹੋਏ ਪੁਲਸ ਕਮਿਸ਼ਨਰ ਲੁਧਿਆਣਾ ਨੂੰ ਕਾਰਵਾਈ ਨਾ ਕਰਨ 'ਤੇ ਫਟਕਾਰ ਲਾਉਂਦੇ ਹੋਏ ਇੱਕ ਮਹੀਨੇ ਵਿੱਚ ਕਾਰਵਾਈ ਕਰ ਕੇ ਕੋਰਟ ਵਿੱਚ ਜਵਾਬ ਪੇਸ਼ ਕਰਨ ਨੂੰ ਕਿਹਾ ਹੈ, ਨਾਲ ਹੀ ਲਾਟਰੀ ਏਜੈਂਟ ਤੇ ਸ਼ਿਕਾਇਤਕਰਤਾ ਸੁਭਾਸ਼ ਉਰਫ ਲਾਟੀ ਦੀ ਸੁਰੱਖਿਆ ਵੀ ਯਕੀਨੀ ਕਰਨ ਨੂੰ ਕਿਹਾ ਹੈ।

ਜਸਟਿਸ ਅਰੁਣ ਕੁਮਾਰ ਤਿਆਗੀ ਦੀ ਕੋਰਟ ਵਿੱਚ ਪੇਸ਼ ਅਰਜ਼ੀ ਵਿੱਚ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਲਾਟਰੀ ਦਾ ਕੰਮ ਕਰਦੇ ਹੋਏ ਕਈ ਪੁਲਸ ਵਾਲੇ ਉਸ ਦੇ ਧੰਦੇ ਨੂੰ ਗ਼ੈਰ-ਕਾਨੂੰਨੀ ਦੱਸ ਕੇ ਉਸ ਉੱਤੇ ਕਾਰਵਾਈ ਦੀ ਗੱਲ ਕਹਿ ਕੇ ਰਿਸ਼ਵਤ ਲੈਂਦੇ ਰਹੇ। ਜਦ ਇਸ ਦੀ ਹੱਦ ਹੋ ਗਈ ਤਾਂ ਉਸਨੇ ਦੁਕਾਨ ਦੇ ਅੰਦਰ ਸੀ ਸੀ ਟੀ ਵੀ ਕੈਮਰਾ ਲਵਾਇਆ ਅਤੇ ਇੱਕ ਮਹੀਨੇ ਵਿੱਚ ਧਮਕੀਆਂ ਦੇ ਕੇ ਰਿਸ਼ਵਤ ਲੈਂਦੇ 28 ਪੁਲਸ ਵਾਲਿਆਂ ਨੂੰ ਕੈਮਰੇ ਵਿੱਚ ਕੈਦ ਕਰ ਲਿਆ। 19 ਨਵੰਬਰ 2019 ਨੂੰ ਸਾਰੇ ਦੋਸ਼ੀ 28 ਪੁਲਸ ਵਾਲਿਆਂ ਦੀ ਰਿਸ਼ਵਤ ਲੈਂਦੇ ਹੋਏ ਡੀ ਵੀ ਡੀ ਇਸ ਸ਼ਿਕਾਇਤ ਦੇ ਨਾਲ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਭੇਜੀ ਕੇ ਮੰਗ ਕੀਤੀ ਕਿ ਸ਼ਿਕਾਇਤ 'ਤੇ ਕਾਰਵਾਈ ਕੀਤੀ ਜਾਵੇ। ਲੁਧਿਆਣਾ ਦੇ ਪੁਲਸ ਕਮਿਸ਼ਨਰ ਨੇ ਜਦੋਂ ਕੋਈ ਜਵਾਬ ਨਹੀਂ ਦਿੱਤਾ ਤੇ ਕਾਰਵਾਈ ਨਹੀਂ ਹੋਈ ਤਾਂ ਸੁਭਾਸ਼ ਨੇ ਏਡਵੋਕੇਟ ਰੰਜਨ ਲਖਨਪਾਲ ਦੀ ਮਾਰਫਤ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕਰ ਦਿੱਤੀ। ਕੇਸ ਦੀ ਅਗਲੀ ਸੁਣਵਾਈ 25 ਮਾਰਚ ਨੂੰ ਹੋਵੇਗੀ।

# ਰਿਜ਼ਰਵੇਸ਼ਨ ਦੇ ਹੱਕ ਲਈ ਦਲਿਤ ਨੇਤਾ ਪਾਰਟੀਆਂ ਤੋਂ ਉੱਤੇ ਉੱਠ ਕੇ ਇਕੱਠੇ ਹੋਏ

### * ਨੌਂ ਮੈਂਬਰੀ ਸਾਂਝੀ ਕਮੇਟੀ ਬਣਾ ਲਈ ਗਈ

ਚੰਡੀਗੜ੍ਹ, 18 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਵਿੱਚੋਂ ਦਲਿਤ ਵਰਗ ਨਾਲ ਸਬੰਧਤ ਮੌਜੂਦਾ ਅਤੇ ਸਾਬਕਾ ਵਿਧਾਇਕਾਂ ਅਤੇ ਪਾਰਲੀਮੈਂਟ ਮੈਂਬਰਾਂ ਨੇ ਅੱਜ ਪਾਰਟੀ ਮੱਤਭੇਦਾਂ ਤੋਂ ਉੱਪਰ ਉੱਠ ਕੇ ਸਿਰਫ ਦਲਿਤ ਵਰਗ ਦੀਆਂ ਮੰਗਾਂ ਅਤੇ ਸਮੱਸਿਆਵਾਂ ਲਈ ਇਕ ਨੌਂ ਮੈਂਬਰੀ ਕਮੇਟੀ ਬਣਾ ਲਈ ਹੈ। ਇਸ ਮੀਟਿੰਗ ਵਿਚ ਕਾਂਗਰਸ ਦੇ ਦਰਜਨ ਦੇ ਕਰੀਬ ਵਿਧਾਇਕ ਵੀ ਹਾਜ਼ਰ ਸਨ, ਪਰ ਰਾਜ ਸਰਕਾਰ ਦੇ ਤਿੰਨਾਂ ਮੰਤਰੀਆਂ ਚਰਨਜੀਤ ਸਿੰਘ ਚੰਨੀ, ਸਾਧੂ ਸਿੰਘ ਧਰਮਸੋਤ ਅਤੇ ਅਰੁਣਾ ਚੌਧਰੀ ਨੇ ਮੀਟਿੰਗ ਤੋਂ ਦੂਰੀ ਰੱਖੀ ਹੈ।

ਇਸ ਮਕਸਦ ਲਈ ਅੱਜ ਏਥੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਅਤੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕਾਂਗਰਸ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ, ਕਾਂਗਰਸ ਪਾਰਟੀ ਦੇ ਵਿਧਾਇਕ ਨੱਥੂ ਰਾਮ, ਤਰਸੇਮ ਸਿੰਘ ਡੀ ਸੀ, ਗੁਰਪ੍ਰੀਤ ਸਿੰਘ ਡੀ ਸੀ, ਡਾ. ਰਾਜ ਕੁਮਾਰ ਚੱਬੇਵਾਲ, ਸੁਖਵਿੰਦਰ ਸਿੰਘ ਡੈਨੀ, ਸਾਬਕਾ ਅਕਾਲੀ ਮੰਤਰੀ ਗੁਲਜਾਰ ਸਿੰਘ ਰਾਣੀਕੇ, ਸਰਵਣ ਸਿੰਘ ਫਿਲੌਰ, ਮਹਿੰਦਰ ਕੌਰ ਜੋਸ਼, ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਕੁਝ ਹੋਰ ਵਿਧਾਇਕ ਹਾਜ਼ਰ ਸਨ। ਕਾਂਗਰਸ ਪਾਰਲੀਮੈਂਟ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਇਸ ਮੀਟਿੰਗ ਵਿਚ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਆਪਣੇ ਸਮਾਜ ਲਈ ਲੜਾਈ ਲੜਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਰਾਖਵੀਂਆਂ ਸੀਟਾਂ ਤੋਂ ਜਿੱਤਣ ਵਾਲੇ ਨੁਮਾਇੰਦੇ ਜੇ ਗਰੀਬਾਂ, ਦਲਿਤ ਲੋਕਾਂ ਦੀ ਗੱਲ ਨਹੀਂ ਕਰਦੇ ਤਾਂ ਉਹ ਦਲਿਤ ਲੋਕਾਂ ਨਾਲ ਧ੍ਰੋਹ ਕਮਾਉਂਦੇ ਹਨ। ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਿਹਾ ਕਿ ਸਾਰੇ ਰਾਜਾਂ ਦੇ ਵਿਧਾਇਕਾਂ, ਸਾਬਕਾ ਵਿਧਾਇਕਾਂ, ਲੋਕ ਸਭਾ ਮੈਂਬਰਾਂ ਨਾਲ ਗੱਲ ਕਰ ਕੇ ਵਿਧਾਨ ਸਭਾਵਾਂ ਵਿਚ ਬਿੱਲ ਲਿਆਂਦੇ ਜਾਣਗੇ ਅਤੇ ਗਵਰਨਰ, ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤੇ ਜਾਣਗੇ। ਜੇ ਸਰਕਾਰ ਨੇ ਸਹੀ ਫ਼ੈਸਲਾ ਨਾ ਲਿਆ ਤਾਂ ਦੇਸ਼ ਵਿਆਪੀ ਅੰਦੋਲਨ ਵੀ ਸ਼ੁਰੂ ਕੀਤਾ ਜਾਵੇਗਾ। ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਨੇ ਸੁਪਰੀਮ ਕੋਰਟ ਦਾ ਫ਼ੈਸਲਾ ਦਲਿਤ ਵਰਗ ਦੇ ਹਿੱਤ ਵਿਚ ਨਹੀਂ। ਉਨ੍ਹਾਂ ਕਿਹਾ ਕਿ ਸਾਰੀਆਂ ਪਾਰਟੀਆਂ ਦੇ ਵਿਧਾਇਕ ਇਸ ਬਾਰੇ ਇਕਮੱਤ ਹਨ ਅਤੇ ਬਜਟ ਇਜਲਾਸ ਵਿਚ ਨੌਕਰੀਆਂ ਵਿਚ ਦਲਿਤ ਮੁਲਾਜ਼ਮਾਂ ਨੂੰ ਰਿਜ਼ਰਵੇਸ਼ਨ ਦਾ ਲਾਭ ਦੇਣ ਲਈ ਬਿੱਲ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਰਹੇਗੀ ਕਿ ਸਰਕਾਰ ਵੱਲੋਂ ਇਹ ਬਿੱਲ ਲਿਆਂਦਾ ਜਾਵੇ, ਪਰ ਅਜਿਹਾ ਨਹੀਂ ਹੁੰਦਾ ਤਾਂ ਸਾਰੇ ਦਲਿਤ ਵਿਧਾਇਕ ਮਿਲ ਕੇ ਬਿੱਲ ਪੇਸ਼ ਕਰਨਗੇ। ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਦਲਿਤ ਵਰਗ ਦੀ ਆਬਾਦੀ ਦੇਸ਼ ਵਿਚ ਸਭ ਤੋਂ ਵੱਧ ਪੰਜਾਬ ਵਿਚ ਹੀ ਹੈ, ਇਸ ਲਈ ਪਹਿਲਾਂ ਪੰਜਾਬ ਤੋਂ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਤੇ ਫਿਰ ਦੇਸ਼ ਵਿਆਪੀ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਦਲਿਤ ਮੁਲਾਜ਼ਮਾਂ ਨੂੰ ਤਰੱਕੀ ਮੌਕੇ ਰਿਜ਼ਰਵੇਸ਼ਨ ਦਾ ਲਾਭ ਦੇਣ ਦਾ ਅਧਿਕਾਰ ਰਾਜਾਂ ਕੋਲ ਹੋਣ ਦੇ ਨਿਰਦੇਸ਼ ਦਿੱਤੇ ਹਨ। ਇਸ ਫ਼ੈਸਲੇ ਨਾਲ ਦਲਿਤ ਵਰਗ ਵਿਚ ਗੁੱਸੇ ਦੀ ਲਹਿਰ ਹੈ। ਦਲਿਤ ਵਰਗ ਦੀਆਂ ਮੰਗਾਂ ਲਈ ਅੱਜ ਬਣੀ ਸਰਬ ਪਾਰਟੀ ਨੌਂ ਮੈਂਬਰੀ ਕਮੇਟੀ ਵਿਚ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ, ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਪਾਰਲੀਮੈਂਟ ਮੈਂਬਰ ਸ਼ਮਸ਼ੇਰ ਸਿੰਘ ਦੂਲੋ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਬਸਪਾ ਆਗੂ ਹਰਗੋਪਾਲ ਸਿੰਘ, ਕਾਮਰੇਡ ਚੰਦ ਸਿੰਘ ਚੋਪੜਾ, ਡਾ. ਰਾਜ ਕੁਮਾਰ ਚੱਬੇਵਾਲ ਸ਼ਾਮਲ ਕੀਤੇ ਗਏ ਹਨ।


















## ਪਾਕਿਸਤਾਨ ਯਾਤਰਾ ਭਾਗ- 3

# ਹਿੱਲ ਸਟੇਸ਼ਨ ਮਰੀ ਦੀ ਫੇਰੀ ਅਤੇ ਗੁਰੂਆਂ ਦਾ ਧੰਨਵਾਦ



...ਪੰਨਾ 1 ਦਾ ਬਾਕੀ

ਦੱਸਿਆ ਗਿਆ ਕਿ ਇਹ ਦੀਵਾਰਾਂ ਬਹੁਤ ਸਾਰੇ ਪਿੰਡਾਂ ਨੂੰ ਪਹਾੜਾਂ ਦੇ ਖਿਸਕਣ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਜਿਉਂ ਹੀ ਅਸੀਂ ਮਰੀ ਪੁੱਜ ਕੇ ਮਾਲ ਰੋਡ ਉੱਤੇ ਤੁਰਨ ਲੱਗੇ ਤਾਂ ਮੇਰੇ, ਰਣਧੀਰ ਰਾਣਾ ਅਤੇ ਕੁਲਵਿੰਦਰ ਛੀਨਾ ਦੇ ਸਿਰਾਂ ਉੱਤੇ ਸਜਾਈਆਂ ਦਸਤਾਰਾਂ ਨੂੰ ਵੇਖ ਨੌਜਵਾਨ ਮੁੰਡੇ ਅਤੇ ਹੋਰ ਲੋਕ ਸਾਡੇ ਨਾਲ ਆ ਫੋਟੋਆਂ ਖਿਚਵਾਉਣ ਲੱਗੇ। ਸੈਲਫੀਆਂ ਖਿਚਵਾਉਂਦੇ ਅਤੇ ਗਲੇ ਲੱਗਦੇ ਉਹ ਬਹੁਤ ਹੀ ਜ਼ਿਆਦਾ ਪਿਆਰ ਵੰਡ ਰਹੇ ਸਨ। ਚਾਹ ਪਾਣੀ ਤੋਂ ਇਲਾਵਾ ਹਰ ਕਿਸਮ ਦੀ ਖਿਦਮਤ ਕਰਨ ਦੀਆਂ ਆਵਾਜ਼ਾਂ ਚਾਰੇ ਪਾਸਿਆਂ ਤੋਂ ਆ ਰਹੀਆਂ ਸਨ। ਇਹਨਾਂ ਲੋਕਾਂ ਦੀ ਮੁਹੱਬਤ ਨੇ ਇੱਕ ਵਿਸ਼ੇਸ਼ ਕਿਸਮ ਦਾ ਅਹਿਸਾਸ ਮਨ ਵਿੱਚ ਪੈਦਾ ਕੀਤਾ। ਇਹਨਾਂ ਲੋਕਾਂ ਵਿੱਚ ਮੌਜੂਦ ਮੁਹੱਬਤ ਦਾ ਇੱਕ ਕਾਰਨ ਸ਼ਾਇਦ ਇਹ ਹੋਵੇਗਾ ਕਿ ਇਹਨਾਂ ਵਿੱਚੋਂ ਕਈਆਂ ਦੇ ਪੁਰਖਿਆਂ ਦਾ ਸਬੰਧ ਚੜਦੇ ਪੰਜਾਬ ਨਾਲ ਰਿਹਾ ਹੋਵੇਗਾ ਜਿੱਥੇ ਦੀਆਂ ਗੱਲਾਂ ਕਹਾਣੀਆਂ ਸੁਣ ਸੁਣ ਇਹ ਵੱਡੇ ਹੋਏ ਹੋਣਗੇ। ਲੋਕਾਂ ਵੱਲੋਂ ਦਿੱਤੇ ਪਰੇਮ ਨੇ ਸਾਨੂੰ ਇਹ ਅਹਿਸਾਸ ਵੀ ਦ੍ਰਿੜ ਕਰਵਾਇਆ ਕਿ ਮਿਲ ਰਿਹਾ ਸਤਕਾਰ ਸਾਡਾ ਨਹੀਂ ਸਗੋਂ ਸਾਡੇ ਗੁਰੂ ਸਹਿਬਾਨਾਂ ਦਾ ਹੈ ਜਿਹਨਾਂ ਨੇ ਦਸਤਾਰ ਦੀ ਦੌਲਤ ਬਖਸ਼ਿਸ਼ ਕੀਤੀ ਹੈ।


ਇਸਲਾਮ ਧਰਮ ਵਿੱਚ ਔਰਤਾਂ ਵੱਲੋਂ ਬਿਗਾਨੇ ਮਰਦਾਂ ਨਾਲ ਖੁੱਲ ਕੇ ਬੋਲਣ ਜਾਂ ਤਸਵੀਰਾਂ ਆਦਿ ਕਰਵਾਉਣ ਦੀ ਬਹੁਤੀ ਖੁੱਲ੍ਹ ਨਹੀਂ ਹੈ। ਇਸਦੇ ਬਾਵਜੂਦ ਅਸੀਂ ਵੇਖਿਆ ਕਿ ਔਰਤਾਂ ਵੱਲੋਂ ਵੀ ਸਾਡੀ ਆਮਦ ਦਾ ਸੁਆਗਤ ਕੀਤਾ ਜਾ ਰਿਹਾ ਸੀ। ਜਿੱਥੇ ਵਕਤ ਮਿਲਿਆ ਲੜਕੀਆਂ ਅਤੇ ਔਰਤਾਂ ਨੇ ਫੋਟੋਆਂ ਖਿਚਵਾਉਣ ਦੀ ਖੁੱਲ੍ਹ ਵੀ ਲਈ ਅਤੇ ਕੁਲਵਿੰਦਰ ਛੀਨਾ ਨਾਲ ਇਕ ਅਹਿਮ ਵਾਕਿਆ ਹੋਇਆ। ਹੋਇਆ ਇਹ ਕਿ ਅਸੀਂ ਇੱਕ ਰੈਸਟੋਰੈਂਟ ਵਿੱਚ ਚਾਹ ਪਾਣੀ ਲਈ ਰੁਕੇ ਹੋਏ ਸੀ ਅਤੇ ਕੁਲਵਿੰਦਰ ਨੂੰ ਵਾਸ਼ਰੂਮ ਜਾਂਦਿਆਂ ਦੇਖਕੇ ਕੁੜੀਆਂ ਦਾ ਇਕ ਝੁੰਡ ਇਕੱਠਾ ਹੋ ਗਿਆ। ਜਿਉਂ ਹੀ ਉਹ ਵਾਸ਼ਰੂਮ ਚੋਂ ਬਾਹਰ ਆਇਆ ਤਾਂ ਕੁੜੀਆਂ ਨੇ ਉਸ ਨਾਲ ਫਟਾਫਟ ਫੋਟੋਆਂ ਅਤੇ ਸੈਲਫੀਆਂ ਕੀਤੀਆਂ ਅਤੇ ਸਾਡੇ ਪਾਕਿ-ਸਤਾਨ ਆਉਣ ਲਈ ਧੰਨਵਾਦ ਆਖਿਆ। ਇਹ ਉਸ ਮਰੀ ਸ਼ਹਿਰ ਦੀਆਂ ਗੱਲਾਂ ਹਨ ਜਿੱਥੇ ਕਦੇ ਮਾਲ ਰੋਡ ਉੱਤੇ ਭਾਰਤੀਆਂ (ਹੁਣ ਵਾਲੇ ਪਾਕਿਸਤਾਨ ਸਮੇਤ) ਦਾ ਦਾਖ਼ਲਾ ਬੰਦ ਹੁੰਦਾ ਸੀ ਅਤੇ ਅੰਗਰੇਜ਼ ਹੀ ਜਾ ਸਕਿਆ ਕਰਦੇ ਸਨ।

ਮਰੀ ਤੋਂ ਅੱਗੇ ਸਾਡਾ ਪ੍ਰੋਗਰਾਮ ਲੇਕ ਵਿਊ 'ਤੇ ਜਾਣ ਸੀ । ਇੱਥੇ ਤੋਂ ਅੱਗੇ ਜਾਣ ਤੋਂ ਸਾਨੂੰ ਇਹ ਆਖ ਕੇ ਰੋਕ ਦਿੱਤਾ ਗਿਆ ਕਿ ਸਰਦਾਰ ਜੀ, ਅਗਲੀ ਥਾਂ ਉੱਤੇ ਬਹੁਤ ਜ਼ਿਆਦਾ ਲੋਕ ਹੋਣਗੇ ਜੋ ਤੁਹਾਨੂੰ ਮਿਲਣਾ ਚਾਹੁਣਗੇ, ਫੋਟੋਆਂ ਅਤੇ ਸੈਲਫੀਆਂ ਲੈਣਾ ਚਾਹੁਣਗੇ। ਸਾਡੇ ਗਾਈਡ ਨੇ ਸਲਾਹ ਦਿੱਤੀ ਕਿ ਚੰਗਾ ਹੋਵੇਗਾ ਕਿ ਅਸੀਂ ਵਾਪਸ ਹੋ ਜਾਈਏ ਕਿਉਂਕਿ ਭੀੜ ਨੂੰ ਕੰਟਰੋਲ ਕਰਨਾ ਔਖਾ ਹੋ ਜਾਵੇਗਾ। ਹਾਲਾਂਕਿ ਅਸੀਂ ਸਾਧਾਰਨ ਸਿੱਖ ਯਾਤਰੂ ਸੀ ਪਰ ਸਾਨੂੰ ਮਹਿਸੂਸ ਹੋਇਆ ਜਿਵੇਂ ਸਾਨੂੰ ਕਿਸੇ ਸੈਲਬਰਿਟੀ (Celebrity) ਵਾਲਾ ਦਰਜ਼ਾ ਮਿਲ ਰਿਹਾ ਹੋਵੇ। ਵਰਨਣਯੋਗ ਹੈ ਕਿ ਇਸ ਯਾਤਰਾ ਵਿੱਚ ਸਾਡੇ ਨਾਲ 770 ਏ ਐਮ ਤੋਂ ਆਰਫ਼ਾ ਮੁਜ਼ੱਫਰ ਅਤੇ ਉਸਦਾ ਪਰਿਵਾਰ ਸ਼ਾਮਲ ਸਨ ਅਤੇ ਉਹਨਾਂ ਵੱਲੋਂ ਕੀਤੀ ਆਊ ਭੁਗਤ ਬਹੁਤ ਹੀ ਧੰਨਵਾਦੀ ਬਣਾਉਣ ਵਾਲੀ ਰਹੀ ਹੈ। ਮਰੀ ਤੋਂ ਵਾਪਿਸ ਆਉਂਦਿਆਂ ਅਸੀਂ ਚਿਨਾਰ ਗੁਲਫ਼ ਕਲੱਬ ਵਿਖੇ ਰੁਕੇ। ਬ੍ਰਿਟਿਸ਼ ਰਾਜ ਦੌਰਾਨ ਬਣਾਈ ਗਈ ਇਹ ਗੁਲਫ਼ ਕਲੱਬ ਪਹਾੜਾਂ 'ਚ ਬਣੀਆਂ ਗੁਲਫ਼ ਕਲੱਬਾਂ 'ਚੋਂ ਇਕ ਹੈ।



ਬੜੀ ਇਮਾਮ


ਮਰੀ ਦਾ ਆਨੰਦ ਮਾਨਣ ਤੋਂ ਬਾਅਦ ਅਸੀਂ ਵਾਪਸ ਇਸਲਾਮਾਬਾਦ ਆਏ ਜਿੱਥੇ ਸਾਨੂੰ ਬੜੀ ਇਮਾਮ (Barī Imām) ਜਾਂ ਬੜੀ ਸਰਕਾਰ ਦੇ ਨੂਰਪੁਰਾ ਸ਼ਾਹਾਂ ਵਿਖੇ ਸਥਿਤ ਸਥਾਨ ਜਾਣ ਦਾ ਸੁਭਾਗ ਹਾਸਲ ਹੋਇਆ। ਬੜੀ ਇਮਾਮ ਦਾ ਪੂਰਾ ਨਾਮ ਸ਼ਾਹ ਅਬਦੁਲ ਲਤੀਫ਼ ਕਾਜ਼ਮੀ ਸੀ ਜੋ 1617 ਤੋਂ 1705 ਤੱਕ ਹੋਏ ਸੂਫੀ ਫ਼ਕੀਰ ਸਨ। ਸਮਝਿਆ ਜਾਂਦਾ ਹੈ ਕਿ ਇਹ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਦੇ ਵੰਸ਼ਜ ਰਹੇ ਹਨ। ਇਸ ਸੂਫੀ ਫਕੀਰ ਬਾਰੇ ਪੰਜਾਬ ਵਿੱਚ ਬਹੁਤ ਸਾਰੀਆਂ ਦੰਦ ਕਥਾਵਾਂ ਅੱਜ ਤੱਕ ਚੱਲ ਰਹੀਆਂ ਹਨ। ਇਸ ਸੂਫੀ ਫਕੀਰ ਬਾਰੇ ਮਸ਼ਹੂਰ ਹੈ ਕਿ ਆਪਣੇ ਜੀਵਨ ਕਾਲ ਵਿੱਚ ਇਹ ਖੁਦ ਨੂੰ ਲੋਕਾਂ ਦੀ ਨਿੰਦਾ ਦਾ ਕਾਰਣ ਬਣਾ ਕੇ ਰੱਬ ਦੀਆਂ ਨਜ਼ਰਾਂ ਵਿੱਚ ਚੰਗਾ ਰਹਿਣਾ ਪਸੰਦ ਕਰਦੇ ਸਨ। ਜੇ ਮੁਕਾਬਲਾ ਕਰਕੇ ਵੇਖੀਏ ਤਾਂ ਅੱਜ ਦੇ ਸਮਾਜ ਵਿੱਚ ਅਸੀਂ ਲੋਕਾਂ ਦੀਆਂ ਨਜ਼ਰਾਂ ਵਿੱਚ ਚੰਗਾ ਬਣ ਕੇ ਖੁਸ਼ ਹੁੰਦੇ ਹਾਂ ਬੇਸ਼ੱਕ ਰੱਬ ਨੂੰ ਇਹ ਗੱਲ ਬਿਲਕੁਲ ਹੀ ਪਸੰਦ ਨਹੀਂ ਹੋਵੇਗੀ। ਬੀਤੇ ਦੋ ਕੁ ਦਹਾਕਿਆਂ ਤੋਂ ਪਾਕਿਸਤਾਨ ਦੇ ਕੁੱਝ ਹਿੱਸਿਆਂ ਵਿੱਚ ਉੱਠੀ ਸੂਫੀ ਸੰਤਾਂ/ਫਕੀਰਾਂ ਵਿਰੁੱਧ ਅਤਿਵਾਦੀ ਲਹਿਰ ਦਾ ਇਸ ਸਥਾਨ ਨੂੰ ਵੀ ਕਰੋਪ ਹੰਢਾਉਣਾ ਪਿਆ ਜਦੋਂ 27 ਮਈ 2005 ਨੂੰ ਇੱਕ ਆਤਮਘਾਤੀ ਵੱਲੋਂ ਹਮਲਾ ਕਰਕੇ 20 ਲੋਕਾਂ ਦੀ ਮੌਤ ਕਰ ਦਿੱਤੀ ਗਈ ਸੀ ਅਤੇ 70 ਦੇ ਕਰੀਬ ਜਖ਼ਮੀ ਹੋਏ ਸਨ।





ਮਰੀ

ਇਸ ਦਰਗਾਹ ਦੇ ਦਰਸ਼ਨ ਕਰਨ ਤੋਂ ਬਾਅਦ ਜਦੋਂ ਅਸੀਂ ਬਾਹਰ ਨਿਕਲੇ ਤਾਂ ਬੜੀ ਇਮਾਦ ਦੀ ਗਰੀਬੀ ਵਿੱਚ ਰਹਿਣ ਦੀ ਭਾਵਨਾ ਨਾਲ ਮੇਲ ਖਾਂਦੇ ਦਰਵੇਸ਼ ਨੁਮਾ ਲੋਕਾਂ ਦੇ ਦਰਸ਼ਨ ਹੋਏ ਜੋ ਬਾਹਰ ਧੂਣੀ ਲਾ ਕੇ ਜੋੜਿਆਂ ਦੇ ਸੇਵਾ ਕਰਨ ਵਾਲੇ ਸਨ। ਇਹਨਾਂ ਨੇ ਇੱਟਾਂ ਦੇ ਚੁੱਲ੍ਹੇ ਉੱਤੇ ਪਤੀਲਾ ਰੱਖ ਕੇ ਚਾਹ ਬਣਾ ਕੇ ਐਨੇ ਪਰੇਮ ਨਾਲ ਪੇਸ਼ ਕੀਤੀ ਕਿ ਸਾਨੂੰ ਸਮਝ ਨਾ ਆਵੇ ਕਿ ਆਪਣੇ ਗੁਰੂਆਂ ਦੇ ਧੰਨਵਾਦ ਕਰਨ ਤੋਂ ਇਲਾਵਾ ਇਸ ਅਨਮੋਲ ਅਨੁਭਵ ਬਾਰੇ ਹੋਰ ਕੀ ਆਖਿਆ ਜਾ ਸਕਦਾ ਹੈ। ਸਾਨੂੰ ਚਾਹ ਪਿਲਾ ਕੇ ਇਹ ਲੋਕ ਇੰਝ ਖੁਸ਼ ਸਨ ਜਿਵੇਂ ਕੋਈ ਬੇਨਿਆਜ਼ ਤੋਹਫਾ ਮਿਲ ਗਿਆ ਹੋਵੇ। ਦੂਜੇ ਪਾਸੇ ਮੈਂ ਮਨ ਹੀ ਮਨ ਸੋਚ ਰਿਹਾ ਸੀ ਕਿ ਹੇ, ਵਾਹਿਗੁਰੂ ਇਹਨਾਂ ਭਲੇ ਲੋਕਾਂ ਦੇ ਨਿਮਾਣੇਪਣ ਦੀ ਅਮੀਰੀ ਦੇ ਸਾਹਮਣੇ ਕਿਧਰੇ ਸਾਡੇ ਵਿੱਚ ਕਿਸੇ ਕਿਸਮ ਦਾ ਗਰੂਰ ਨਾ ਭਰ ਜਾਵੇ। ਇੰਝ ਇਹਨਾਂ ਮਿੱਠੀਆਂ ਯਾਦਾਂ ਨੂੰ ਦਿਲ ਵਿੱਚ ਬਿਠਾ ਕੇ ਇਸ ਮੁਕਾਮ ਤੋਂ ਅਸੀਂ ਲਾਹੌਰ ਨੂੰ ਚਾਲੇ ਪਾ ਦਿੱਤੇ। .....ਬਾਕੀ ਕੱਲ੍ਹ




## ਗੁਰਦੁਆਰਾ ਪਹਿਲੀ ਪਾਤਸ਼ਾਹੀ, ਬਾਲਾਕੋਟ, ਜ਼ਿਲ੍ਹਾ ਹਜ਼ਾਰਾ



ਬਾਲਾਕੋਟ ਇੱਕ ਬਹੁਤ ਹੀ ਇਤਿਹਾਸਿਕ ਨਗਰ ਹੈ। ਇਸ ਦਾ ਜ਼ਲਿਾ ਹਜ਼ਾਰਾ ਅਤੇ ਤਹਿਸੀਲ ਮਾਨਸਹਿਰਾ ਹੈ। ਸਤਿਗੁਰ ਨਾਨਕ ਦੇਵ ਜੀ ਜਦ ਇਸ ਪਾਸੇ ਲੋਕਾਂ ਦੇ ਉਧਾਰ ਵਾਸਤੇ ਆਏ, ਤਦ ਭਾਈ ਬਾਲਾ ਜੀ ਕੁਝ ਸਮਾਂ ਧਰਮ ਪ੍ਰਚਾਰ ਵਾਸਤੇ ਇੱਥੇ ਠਹਿਰੇ ਸਨ। ਇੱਥੇ ਤਿੰਨ ਸੋਮੇ ਹਨ । ਇੱਕ ਦਰਬਾਰ ਦੇ ਅਹਾਤੇ ਵਿੱਚ, ਜੋ ਕਿ ਬਾਲਾ ਪੀਰ ਦਾ ਚਸ਼ਮਾ ਕਰਕੇ ਪ੍ਰਸਿੱਧ ਹੈ। ਦੋ ਸੋਮੇ ਇਸ ਦਰਬਾਰ ਤੋਂ ਕੋਈ ਅੱਧਾ ਕਿਲੋਮੀਟਰ ਦੀ ਦੂਰੀ ਉੱਤੇ ਅਬਾਦੀ ਵਿੱਚ ਹੀ ਹਨ। ਇਹਨਾਂ ਵਿੱਚੋਂ ਇੱਕ ਬਾਬੇ ਮਰਦਾਨੇ ਦਾ ਚਸ਼ਮਾ ਤੇ ਇੱਕ ਬਾਲਾ ਪੀਰ ਦਾ ਥੜਾ ਕਰਕੇ ਜਾਣੇ ਜਾਂਦੇ ਹਨ। ਅੱਜ ਵੀ ਹਜ਼ਾਰਾਂ ਲੋਕ ਇੱਥੇ ਹਾਜਰੀ ਭਰਦੇ ਹਨ। ਅਜ਼ਾਦੀ ਤੋਂ ਪਹਿਲਾਂ ਹਰ ਐਤਵਾਰ ਨੂੰ ਮਾਨਸਹਿਰੇ ਤੋਂ ਭਾਈ ਸਾਹਿਬ ਜਾ ਕੇ ਅਰਦਾਸ ਕਰਵਾਂਦੇ ਹੁੰਦੇ ਸਨ ਅਤੇ ਭਾਰੀ ਸੰਗਤ ਇਕੱਤਰ ਹੁੰਦੀ ਸੀ। ਹੁਣ ਕੇਵਲ ਸਾਲ ਦੇ ਸਾਲ ਮੁਸਲਮਾਨ ਮੇਲਾ ਕਰਵਾਉਂਦੇ ਹਨ।

# ਸਫਲ ਨਹੀਂ ਰਹੀ ਮੋਦੀ ਦੀ 'ਮੇਕ ਇਨ ਇੰਡੀਆ' ਰਣਨੀਤੀ

-ਆਕਾਰ ਪਟੇਲ-

ਮੇਕ ਇਨ ਇੰਡੀਆ ਪ੍ਰੋਗਰਾਮ 2014 'ਚ ਲਾਂਚ ਕੀਤਾ ਗਿਆ ਸੀ। ਆਪਣੀ ਵੈੱਬਸਾਈਟ (pmindia.gov.in) 'ਤੇ ਪ੍ਰਧਾਨ ਮੰਤਰੀ ਵਿਆਖਿਆ ਕਰਦੇ ਹਨ, ''ਸਾਲਾਂ ਤੋਂ ਨੀਤੀ ਨਿਰਮਾਤਾ ਇਸ ਗੱਲ 'ਤੇ ਚਰਚਾ ਕਰਦੇ ਰਹੇ ਹਨ ਕਿ ਭਾਰਤ ਵਿੱਚ ਨਿਰਮਾਣ ਖੇਤਰ ਨੂੰ ਕਿਵੇਂ ਉਤਸ਼ਾਹਤ ਕੀਤਾ ਜਾਵੇ ਤੇ ਭਾਰਤ ਨੂੰ ਕਿਵੇਂ ਸੰਸਾਰਕ ਨਿਰਮਾਣ ਹੱਬ ਬਣਾਇਆ ਜਾਵੇ, ਪਰ ਇਹ ਨਰਿੰਦਰ ਮੋਦੀ ਹਨ, ਜਿਨ੍ਹਾਂ ਨੇ ਕੁਝ ਹੀ ਮਹੀਨਿਆਂ ਵਿੱਚ 'ਮੇਕ ਇਨ ਇੰਡੀਆ' ਮੁਹਿੰਮ ਲਾਂਚ ਕੀਤੀ ਤਾਂ ਕਿ ਨਿਵੇਸ਼ ਨੂੰ ਵਧਾਇਆ ਜਾ ਸਕੇ, ਇਨੋਵੇਸ਼ਨ ਨੂੰ ਉਤਸ਼ਾਹ ਮਿਲੇ, ਕੌਸ਼ਲ ਵਿਕਾਸ ਵਿੱਚ ਵਾਧਾ ਹੋਵੇ। ਬੌਧਿਕ ਸੰਪਦਾ ਦੀ ਸਾਂਭ-ਸੰਭਾਲ ਹੋਵੇ ਅਤੇ ਸ੍ਰੇਸ਼ਠ ਨਿਰਮਾਣ ਢਾਂਚੇ ਦਾ ਨਿਰਮਾਣ ਹੋ ਸਕੇ।"

ਨਿਰਮਾਣ ਕਾਫੀ ਮਹੱਤਵ ਪੂਰਨ ਪਹਿਲੂ ਹੈ ਕਿ ਇਹ ਇੱਕੋ-ਇੱਕ ਰਸਤਾ ਹੈ, ਜਿਸ ਰਾਹੀਂ ਘੱਟ ਆਮਦਨ ਵਾਲੇ ਦੇਸ਼ ਦਰਮਿਆਨੇ ਅਤੇ ਉਚ ਆਮਦਨ ਵਾਲੇ ਦੇਸ਼ਾਂ ਵਿੱਚ ਤਬਦੀਲ ਹੋ ਸਕਦੇ ਹਨ। ਸਾਡੇ ਵਰਗੀਆਂ ਦਿਹਾਤੀ ਅਤੇ ਖੇਤੀ ਆਧਾਰਤ ਅਰਥ ਵਿਵਸਥਾਵਾਂ ਨੂੰ ਵਿਕਸਿਤ ਦੇਸ਼ ਬਣਦੇ ਦੇਖਣ ਦਾ ਇਸ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ ਕਿ ਪਹਿਲਾਂ ਅਸੀਂ ਹਲਕੇ ਨਿਰਮਾਣ (ਮੁੱਖ ਤੌਰ 'ਤੇ ਕੱਪੜਾ), ਫਿਰ ਉਚ ਤਕਨੀਕ ਤੱਕ ਪਹੁੰਚਣ ਤੋਂ ਪਹਿਲਾਂ ਅਸੈਂਬਲਿੰਗ ਦੇ ਖੇਤਰ ਵਿੱਚ ਅੱਗੇ ਵਧੀਏ। ਇਹ ਸਹੀ ਹੈ ਕਿ ਭਾਰਤ ਉਪਰੋਕਤ ਵਿੱਚੋਂ ਸਾਰੇ ਕੰਮਾਂ ਨੂੰ ਕੁਝ ਹੱਦ ਤੱਕ ਕਰਦਾ ਹੈ, ਪਰ ਜਿਵੇਂ ਕਿ ਪ੍ਰਧਾਨ ਮੰਤਰੀ ਇਸ਼ਾਰਾ ਕਰਦੇ ਹਨ, ਸਭ ਤੋਂ ਮਹੱਤਵਪੂਰਨ ਤੱਤ ਨਿਰਮਾਣ ਹੈ।

2014 ਵਿੱਚ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿੱਚ ਨਿਰਮਾਣ ਦਾ ਹਿੱਸਾ 15 ਫੀਸਦੀ ਸੀ। ਪਿਛਲੇ ਸਾਲ ਇਹ 14 ਫੀਸਦੀ ਤੱਕ ਰਹਿ ਗਿਆ। ਮੇਕ ਇਨ ਇੰਡੀਆ ਫੇਲ ਹੋ ਗਿਆ ਹੈ ਅਤੇ ਇਹ ਪਿਛਲੇ ਪੰਜ ਸਾਲਾਂ ਦੌਰਾਨ ਹੋਇਆ ਹੈ। ਇਹ ਸਮਝਣ ਲਈ ਕਿ ਭਾਰਤ ਇਸ ਮਾਮਲੇ ਵਿੱਚ ਕਿੱਥੇ ਖੜ੍ਹਾ ਹੈ ਅਤੇ ਅਸਫਲਤਾ ਦਾ ਕੀ ਮਤਲਬ ਹੈ, ਕੁਝ ਹੋਰ ਦੇਸ਼ਾਂ 'ਤੇ ਨਜ਼ਰ ਮਾਰੀਏ। ਚੀਨ, ਜਿਸ ਨਾਲ




ਅਸੀਂ ਆਪਣੀ ਅਰਥ ਵਿਵਸਥਾ ਦੀ ਤੁਲਨਾ ਕਰਨਾ ਪਸੰਦ ਕਰਦੇ ਹਾਂ, ਦੀ ਅਰਥ ਵਿਵਸਥਾ ਭਾਰਤੀ ਅਰਥ ਵਿਵਸਥਾ ਤੋਂ ਪੰਜ ਗੁਣਾ ਵੱਡੀ ਹੈ। ਉਸ ਦੀ ਜੀ ਡੀ ਪੀ ਵਿੱਚ ਨਿਰਮਾਣ ਖੇਤਰ ਵਿੱਚ ਹਿੱਸੇਦਾਰੀ 29 ਫੀਸਦੀ (ਭਾਰਤ ਨਾਲੋਂ ਦੁੱਗਣੀ ਹੈ) ਅਤੇ ਇਹ 2014-2020 ਦੀ ਮਿਆਦ ਦੌਰਾਨ ਇਸੇ ਸਥਿਤੀ ਵਿੱਚ ਰਹੀ ਹੈ। ਵੀਅਤਨਾਮ ਦੀ ਹਿੱਸੇਦਾਰੀ 16 ਫੀਸਦੀ ਹੈ, ਜੋ 13 ਫੀਸਦੀ ਤੋਂ ਇਥੋਂ ਤੱਕ ਪਹੁੰਚੀ ਹੈ। ਸ੍ਰੀਲੰਕਾ ਵਿੱਚ ਇਹ ਹਿੱਸੇਦਾਰੀ 16 ਫੀਸਦੀ ਹੈ। ਥਾਈਲੈਂਡ ਦੀ ਹਿੱਸੇਦਾਰੀ (27 ਫੀਸਦੀ), ਇੰਡੋਨੇਸ਼ੀਆ (19 ਫੀਸਦੀ), ਫਿਲਪੀਨਜ਼ (19 ਫੀਸਦੀ), ਮਲੇਸ਼ੀਆ (21 ਫੀਸਦੀ), ਸਿੰਗਾਪੁਰ ਦੀ (20 ਫੀਸਦੀ) ਹੈ। ਯੂਰਪ ਵਿੱਚ ਜਰਮਨੀ 20 ਫੀਸਦੀ 'ਤੇ ਹੈ, ਜੋ ਕੋਈ ਹੈਰਾਨੀ ਦੀ ਗੱਲ ਨਹੀਂ, ਕਿਉਂਕਿ ਇਸ ਦੇਸ਼ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਆਟੋ ਮੋਬਾਈਲ ਉਦਯੋਗ ਹੈ। ਗਾਰਮੈਂਟਸ ਤੋਂ ਬਾਅਦ ਇਹ ਉਦਯੋਗ ਵਿਕਾਸ ਦਾ ਦੂਸਰਾ ਪੱਧਰ ਹੈ।

ਮੇਕ ਇਨ ਇੰਡੀਆ ਦੀ ਇਸੇ ਮਿਆਦ ਦੌਰਾਨ ਨਿਰਮਾਣ ਖੇਤਰ ਵਿੱਚ ਬੰਗਲਾ ਦੇਸ਼ ਦੀ ਹਿੱਸੇਦਾਰੀ 16 ਫੀਸਦੀ ਤੋਂ ਵਧ ਕੇ 18 ਫੀਸਦੀ ਤੱਕ ਹੋ ਗਈ। ਬੰਗਲਾ ਦੇਸ਼ ਦੀ ਜੀ ਡੀ ਪੀ 8 ਫੀਸਦੀ ਪ੍ਰਤੀ ਸਾਲ ਦੀ ਦਰ ਨਾਲ ਵਧ ਰਹੀ ਹੈ, ਜੋ ਭਾਰਤ ਦੀ ਤੁਲਨਾ ਵਿੱਚ ਕਾਫੀ ਤੇਜ਼ ਹੈ। ਹੈਰਾਨੀ ਜਨਕ ਗੱਲ ਇਹ ਹੈ ਕਿ ਇਸ ਦੌਰਾਨ ਬੰਗਲਾ ਦੇਸ਼ ਦੀ ਕੱਪੜਾ ਬਰਾਮਦ 38 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚ ਗਈ। ਕੱਪੜਾ ਉਦਯੋਗ ਕਾਫੀ ਮਹੱਤਵ ਪੂਰਨ ਹੈ ਕਿਉਂਕਿ ਇਸ ਖੇਤਰ ਵਿੱਚ ਕਾਫੀ ਗਿਣਤੀ ਵਿੱਚ ਅਰਧ-ਹੁਨਰਮੰਦ ਅਤੇ ਵਿਸ਼ੇਸ਼ ਤੌਰ ਉਤੇ ਔਰਤਾਂ ਰੋਜ਼ਗਾਰ ਵਿੱਚ ਲੱਗੀਆਂ ਹੁੰਦੀਆਂ ਹਨ। ਬੰਗਲਾ ਦੇਸ਼ 'ਚ ਲਗਭਗ 5000 ਕੱਪੜਾ ਨਿਰਮਾਣ ਯੂਨਿਟਾਂ ਵਿੱਚ 85 ਫੀਸਦੀ ਕਰਮਚਾਰੀ ਔਰਤਾਂ ਹਨ। ਇਥੋਂ ਤੱਕ ਕਿ ਵੀਅਤਨਾਮ ਵੀ ਡਾਲਰ ਦੇ ਨਜ਼ਰੀਆ ਤੋਂ ਭਾਰਤ ਨਾਲੋਂ ਜ਼ਿਆਦਾ ਕੱਪੜਾ ਬਰਾਮਦ ਕਰਦਾ ਹੈ, ਜੋ ਇਸ ਉਦਯੋਗ ਵਿੱਚ ਲੰਬੇ ਸਮੇਂ ਤੱਕ ਮੋਹਰੀ ਰਿਹਾ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਇਸ 'ਚ ਕਮੀ ਆਈ ਹੈ।

ਨਿਰਮਾਣ ਇੱਕ ਪੂਰੇ ਸਮੇਂ ਦਾ ਰੋਜ਼ਗਾਰ ਹੈ, ਜਿਸ ਵਿੱਚ ਤੈਅ ਵੇਤਨ ਮਿਲਦਾ ਹੈ ਅਤੇ ਇਸ ਦੇ ਲਈ ਇਹ ਇੱਕ ਅਜਿਹਾ ਕੰਮ ਹੈ, ਜਿਸ ਵਿੱਚ ਲੋਕ ਪਾਰਟ ਟਾਈਮ ਲੇਬਰ ਨੂੰ ਪਹਿਲ ਦਿੰਦੇ ਹਨ। ਭਾਰਤ ਇਸ ਨੂੰ ਵਿਕਸਿਤ ਕਰਨ ਵਿੱਚ ਅਸਫਲ ਕਿਉਂ ਰਿਹਾ? ਮੇਰਾ ਮੰਨਣਾ ਹੈ ਕਿ ਮੇਕ ਇਨ ਇੰਡੀਆ ਅਸਲ ਵਿੱਚ ਕੋਈ ਰਣਨੀਤੀ ਨਹੀਂ ਹੈ, ਇਹ ਇੱਕ ਲੋਗੋ ਅਤੇ ਕੁਝ ਸ਼ਬਦ ਹਨ, ਜੋ ਆਪਣੇ ਆਪ ਵਿੱਚ ਅਰਥਹੀਣ ਹਨ।

ਨਿਰਮਾਣ ਉਥੇ ਹੁੰਦਾ ਹੈ, ਜਿੱਥੇ ਤੁਹਾਡੇ ਕੋਲ ਅਰਧ ਹੁਨਰਮੰਦ ਕਾਮੇ ਹੁੰਦੇ ਹਨ। ਚੀਨ ਵਿੱਚ ਸਿਖਿਆ ਦਾ ਮਿਆਰ ਭਾਰਤ ਦੇ ਮੁਕਾਬਲੇ ਕਾਫੀ ਬਿਹਤਰ ਹੈ, ਜਿਵੇਂ ਮੇਰੇ ਵਰਗੇ ਲੋਕ ਜਾਣਦੇ ਹਨ, ਜੋ ਉਥੇ ਗਏ ਹਨ ਅਤੇ ਉਥੋਂ ਦੇ ਕਾਮਿਆਂ ਨਾਲ ਗੱਲਬਾਤ ਕੀਤੀ ਹੈ। ਚੀਨ ਵਿੱਚ ਨਿਰਮਾਣ ਇਕਾਈ ਲਾਉਣਾ ਕਾਫੀ ਮਹਿੰਗਾ ਹੈ, ਲੇਬਰ ਕਾਫੀ ਮਹਿੰਗੀ ਹੈ, ਇਸ ਦੇ ਬਾਵਜੂਦ ਪਿਛਲੇ ਪੰਜ ਸਾਲਾਂ ਵਿੱਚ ਜਦੋਂ ਕਿ ਭਾਰਤ ਨੇ ਮੇਕ ਇਨ ਇੰਡੀਆ ਨੂੰ ਉਤਸ਼ਾਹ ਦਿੱਤਾ, ਉਥੇ ਨਿਰਮਾਣ ਖੇਤਰ ਦੀ ਹਿੱਸੇਦਾਰੀ ਘੱਟ ਨਹੀਂ ਹੋਈ ਹੈ। ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਉਨ੍ਹਾਂ ਦਾ ਮਕਸਦ ਭਾਰਤ ਨੂੰ ਪੰਜ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣਾਉਣਾ ਹੈ। ਇਹ ਆਪਣੇ ਆਪ ਵਿੱਚ ਕੋਈ ਟੀਚਾ ਨਹੀਂ। ਭਾਰਤ ਦੀ ਜੀ ਡੀ ਪੀ ਦੇਰ ਸਵੇਰ ਉਸ ਅੰਕੜੇ ਤੱਕ ਪਹੁੰਚ ਜਾਏਗੀ। ਸਵਾਲ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕਿੰਨੀ ਜਲਦੀ ਅਸੀਂ ਉਥੋਂ ਤੱਕ ਪਹੁੰਚ ਸਕਦੇ ਹਾਂ ਅਤੇ ਇਸ ਨੂੰ ਰਫਤਾਰ ਦੇਣ ਲਈ ਕੀ ਕਰ ਸਕਦੇ ਹਾਂ? ਇਹੀ ਮਹੱਤਵ ਪੂਰਨ ਤੇ ਜ਼ਰੂਰੀ ਨੁਕਤਾ ਹੈ। ਇਥੇ ਉਨ੍ਹਾਂ ਦਾ ਉਤਰ ਅਸਪੱਸ਼ਟ ਹੈ। ਭਾਰਤੀ ਅਰਥ ਵਿਵਸਥਾ ਨੂੰ ਮੁੜ ਡਿਜ਼ਾਈਨ ਕਰਨ ਦੀ ਮੋਦੀ ਦੀ ਰਣਨੀਤੀ ਮੇਕ ਇਨ ਇੰਡੀਆ ਸੀ, ਪਰ ਇਹ ਫੇਲ੍ਹ ਹੋ ਗਈ। ਅਸਲ ਵਿੱਚ ਅੱਜਕੱਲ੍ਹ ਉਹ ਇਸ ਦਾ ਨਾਂਅ ਵੀ ਨਹੀਂ ਲੈਂਦੇ।

ਪ੍ਰਧਾਨ ਮੰਤਰੀ ਦਫਤਰ ਵੱਲੋਂ ਚਲਾਈ ਜਾ ਰਹੀ ਵੈਬਸਾਈਟ 'ਤੇ ਜੋ ਅੰਕੜਾ ਉਪਲਬਧ ਹੈ, ਉਹ ਸਿਰਫ 2014 ਤੋਂ ਉਪਲਬਧ ਅੰਕੜਿਆਂ ਦੇ ਸੰਬੰਧ ਵਿੱਚ ਹੈ ਅਤੇ ਉਸ ਨੂੰ ਅਪਡੇਟ ਵੀ ਨਹੀਂ ਕੀਤਾ ਗਿਆ ਹੈ। ਸਾਨੂੰ ਇਸ ਗੱਲ ਨੂੰ ਸਵੀਕਾਰ ਕਰਨ ਦੀ ਲੋੜ ਹੈ ਕਿ ਇਹ ਰਣਨੀਤੀ ਫੇਲ੍ਹ ਹੋ ਚੁੱਕੀ ਹੈ ਤੇ ਜੇ ਅਸੀਂ ਨਿਰਮਾਣ ਖੇਤਰ ਵਿੱਚ ਹੋ ਰਹੇ ਨੁਕਸਾਨ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਸਾਨੂੰ ਨਵੀਂ ਰਣਨੀਤੀ ਬਣਾਉਣ ਦੀ ਲੋੜ ਹੈ। ਮੈਨੂੰ ਨਹੀਂ ਲੱਗਦਾ ਕਿ ਨਿਰਮਾਣ ਖੇਤਰ ਦੀ ਇਹ ਸਥਿਤੀ ਸਵੀਕਾਰ ਕਰਨਯੋਗ ਹੈ, ਭਾਵੇਂ ਕੋਈ ਪ੍ਰਧਾਨ ਮੰਤਰੀ ਦਾ ਪ੍ਰਸ਼ੰਸਕ ਹੋਵੇ ਜਾਂ ਨਾ ਹੋਵੇ।

# ਏ ਇਸ਼ਕ ਨਹੀਂ ਆਸਾਂ...ਇੱਕ ਆਗ ਕਾ ਦਰਿਆ ਹੈ

-ਮਾਸਟਰ ਮੋਹਨ ਲਾਲ-
(ਸਾਬਕਾ ਟਰਾਂਸਪੋਰਟ ਮੰਤਰੀ, ਪੰਜਾਬ)

ਸੁਣਿਆ ਹੈ ਕਿ ਇੱਕ ਸੰਤ ਵੈਲਨਟਾਈਨ 14 ਫਰਵਰੀ ਨੂੰ ਫਾਂਸੀ 'ਤੇ ਚੜ੍ਹਾਇਆ ਗਿਆ। ਇਹ ਵੀ ਸੁਣਿ-ਆ ਹੈ ਕਿ ਉਸ ਸੰਤ ਨੇ ਆਪਣੀਆਂ ਅੱਖਾਂ ਮਰਨ ਵੇਲੇ ਜੇਲ੍ਹਰ ਦੀ ਅੰਨ੍ਹੀ ਬੇਟੀ ਜੈਕੋਬਸ ਨੂੰ ਦਾਨ ਕਰ ਦਿੱਤੀਆਂ। ਇਹ ਵੀ ਸੁਣਿਆ ਹੈ ਕਿ ਸੰਤ ਨੇ ਜੈਕੋਬਸ ਨੂੰ ਪੱਤਰ ਲਿਖਿਆ, ਜਿਸ ਦੇ ਆਖਰ ਵਿੱਚ ਉਸ ਨੇ ਲਿਖਿਆ, 'ਤੁਹ-ੜਾ ਵੈਲੇਨਟਾਈਨ''। ਇਨ੍ਹਾਂ ਅੰਤਿਮ ਦੋ ਸ਼ਬਦਾਂ 'ਤੁਹਾਡਾ ਵੈਲੇਨਟਾਈਨ' ਵਿੱਚ ਹੈ ਮੁਕੰਮਲ ਸਮਰਪਣ। ਪਿਆਰ ਵਿੱਚ ਹੁੰਦਾ ਹੀ ਸਮਰਪਣ ਹੈ। ਦੋ ਦਿਲਾਂ ਤੇ ਪ੍ਰਾਣਾਂ ਦਾ ਇਕਮਿਕ ਹੋਣਾ ਤੇ ਪਿਆਰ ਦਾ ਇਹ ਸਮਰਪਣ ਵੈਲੇਨਟਾਈਨ ਤੋਂ ਸ਼ੁਰੂ ਨਹੀਂ ਹੋਇਆ ਇਹ ਅਨਾਦਿ ਹੈ, ਸਨਾਤਨ ਹੈ। ਸ਼ਾਇਦ ਸ੍ਰਿਸ਼ਟੀ ਦੀ ਉਤਪਤੀ ਤੋਂ ਵੀ ਪਹਿਲਾਂ। ਦੋ ਪੱਥਰਾਂ ਦੀ ਰਗੜ ਦੀ ਅੱਗ। ਚੰਗਿਆੜੀ ਹੈ ਇਹ ਪਿਆਰ। ਮਨੁੱਖ ਹੀ ਨਹੀਂ, ਪਸ਼ੂ-ਪੰਛੀ, ਕੀਟ-ਪਤੰਗੇ ਹਰ ਪ੍ਰਾਣੀ 'ਚ ਇਹ ਅੱਗ ਹੈ। ਦੇਸ਼ ਅਤੇ ਕਾਲ ਦੀਆਂ ਹੱਦਾਂ ਤੋਂ ਪਰ੍ਹੇ ਦੀ ਚੀਜ਼ ਹੈ ਇਹ ਪਿਆਰ, ਪਰ ਇਹ ਆਸਾਨ ਨਹੀਂ। ਇਹ ਸਕੂਲ ਹੀ ਅਜਿਹਾ ਹੈ, ਜਿਸ ਵਿੱਚ ਛੁੱਟੀ ਹੈ ਹੀ ਨਹੀਂ।

ਪ੍ਰੇਮ ਨਾ ਸਰੀਰ ਵਿੱਚ ਪੈਦਾ ਹੁੰਦਾ ਹੈ, ਨਾ ਕਿਸੇ ਦੁਕਾਨ 'ਤੇ ਵਿਕਦਾ ਹੈ। ਜੋ ਆਪਣਾ ਸਿਰ ਦੇਵੇ, ਉਹ ਪਿਆਰ ਲੈ ਜਾਵੇ। ਐਡਮ ਅਤੇ ਈਵ ਵਿਸ਼ਵ ਦੇ ਪਹਿਲੇ ਪ੍ਰੇਮੀ ਜੋੜੇ ਨੇ ਗੁੜ੍ਹਤੀ ਵਿੱਚ ਦਿੱਤਾ ਹੈ ਇਹ ਪਿਆਰ ਇਨਸਾਨ ਨੂੰ। ਪਿਆਰ ਦਿਖਾਵਾ ਨਹੀਂ, ਬੰਧਨ ਵੀ ਨਹੀਂ, ਆਪਣੇ ਆਪ ਦੋ ਜਵਾਨ ਧੜਕਦੇ ਦਿਲਾਂ ਵਿੱਚ ਪੈਦਾ ਹੁੰਦਾ ਹੈ ਅਤੇ ਆਪਣੇ-ਆਪ ਦੋ ਦਿਲ ਇੱਕ ਹੋ ਜਾਂਦੇ ਹਨ। ਨਾ ਨੀਂਦ ਆਉਂਦੀ, ਨਾ ਭੁੱਖ ਲੱਗਦੀ, ਸਮਾਂ ਜਿਵੇਂ ਠਹਿਰ ਜਿਹਾ ਜਾਂਦਾ ਹੈ। ਪੰਜ ਵੱਜਦੇ ਹੀ ਨਹੀਂ। ਧੜਕਦੇ ਦਿਲਾਂ ਦੀ ਤਮੰਨਾ ਹੈ ਇਹ। ਪਿਆਰ ਕੀਤਾ ਨਹੀਂ ਜਾਂਦਾ, ਇਹ ਬੱਸ ਉਂਝ ਹੀ ਹੋ ਜਾਂਦਾ ਹੈ, ਸਥੂਲ ਤੌਰ 'ਤੇ ਲੜਕੇ ਅਤੇ ਲੜਕੀ ਵਿੱਚ। ਸੂਖਮ ਰੂਪ ਵਿੱਚ ਪਿਆਰ ਇੱਕ ਦੈਵੀ ਮਨੁੱਖੀ ਗੁਣ ਹੈ। ਕਵੀ ਹਿਰਦੇ ਤਾਂ ਇਸ ਪਿਆਰ ਨੂੰ 'ਲਵ ਇਜ਼ ਗੌਡ' ਵੀ ਕਹਿੰਦੇ ਨੇ। ਇੱਕ ਛੋਟੇ ਜਿਹੇ ਬੰਦੇ ਨੂੰ ਖੁਦਾ ਬਣਾ ਦਿੰਦਾ ਹੈ ਇਹ ਪਿਆਰ। ਪਿਆਰ ਦੇ ਅਹਿਸਾਸ ਨੂੰ ਜੈਸ਼ੰਕਰ ਪ੍ਰਸਾਦ ਦੀ ਅਦਭੁੱਤ ਰਚਨਾ 'ਕਾਮਾਯਨੀ' ਦੀਆਂ ਸਤਰਾਂ 'ਲੱਜਾ ਸਰਗ' ਤੋਂ ਪ੍ਰੇਮੀਆਂ ਸਾਹਮਣੇ ਪੇਸ਼ ਕਰਦਾ ਹਾਂ। ਇਨ੍ਹਾਂ ਸਤਰਾਂ ਵਿੱਚ ਨਾਰੀ ਹਿਰਦੇ ਦੀਆਂ ਕੋਮਲ ਭਾਵਨਾਵਾਂ ਦਾ ਵਲਵਲਾ ਫੁੱਟ ਪੈਂਦਾ ਹੈ।

ਇਸ ਪਿਆਰ ਦੀ ਖਾਤਰ ਮੀਰਾ ਜ਼ਹਿਰ ਦਾ ਪਿਆਲਾ ਪੀ ਗਈ। ਸੁਕਰਾਤ ਇਸੇ ਪ੍ਰੇਮ ਭਾਵ ਨਾਲ ਜ਼ਹਿਰ ਪੀ ਗਏ। ਤੁਲਸੀ ਦਾਸ ਮਹਾਕਵੀ ਅਖਵਾ ਗਏ। ਬ੍ਰਿਟੇਨ ਦੇ ਰਾਜਾ ਇਸੇ ਪ੍ਰੇਮ ਖਾਤਰ ਰਾਜਸ਼ਾਹੀ ਨੂੰ ਠੁਕਰਾ ਗਏ। ਕੋਈ ਹੀਰ ਬਣੀ, ਕੋਈ ਰਾਂਝਾ, ਕੋਈ ਰੋਮੀਓ-ਜੂਲੀਅਟ ਅਖਵਾ ਗਏ, ਸਾਹਿਬਾਂ ਦੀ ਖਾਤਰ ਮਿਰਜ਼ਾ ਤੀਰਾਂ ਵਿੱਚ ਵਿੰਨ੍ਹਿਆ ਗਿਆ, ਸੋਹਣੀ ਇਸੇ ਦੀਵਾਨਗੀ ਵਿੱਚ ਕੱਚੇ ਘੜੇ 'ਤੇ ਤੈਰ ਕੇ ਮਹੀਵਾਲ ਨੂੰ ਜਾ ਮਿਲੀ। ਲੈਲਾ-ਮਜਨੂੰ ਦੇ ਪਿਆਰ ਦੇ ਕਿੱਸੇ ਹਰ ਜ਼ੁਬਾਨ 'ਤੇ ਹਨ। ਸੱਸੀ ਆਪਣੇ ਪ੍ਰੇਮੀ ਪੁੰਨੂ ਨੂੰ ਉਬਲਦੀ ਰੇਤ ਵਿੱਚ ਲੱਭਦੀ ਰਹੀ।

ਮੁਗਲ ਸਲਤਨਮਤ ਵਿੱਚ ਸਲੀਮ-ਅਨਾਰਕਲੀ ਦਾ ਕਥਾਨਕ ਤਾਂ ਕੱਲ੍ਹ ਦੀ ਗੱਲ ਹੈ, ਪਰ ਅੱਜ ਦਾ ਨੌਜਵਾਨ ਪ੍ਰੇਮ ਨੂੰ ਸਮਝਿਆ ਹੀ ਨਹੀਂ। ਅੱਜ ਦੇ ਨੌਜਵਾਨ ਦੇ ਪਿਆਰ ਨੂੰ ਸਮਾਜ ਨੇ ਮਾਨਤਾ ਨਹੀਂ ਦਿੱਤੀ ਤਾਂ ਉਹ ਫੰਦਾ ਕਿਉਂ ਲਾਉਣ? ਰੇਲ ਦੀਆਂ ਪਟੜੀਆਂ 'ਤੇ ਕਿਉਂ ਕੁੱਦ ਜਾਣ, ਸਲਫਾਸ ਕਿਉਂ ਖਾਣ। ਆਤਮਹੱਤਿਆ ਕਰੋਗੇ ਤਾਂ ਪਿਆਰ ਵਰਗੇ ਪਵਿੱਤਰ ਸ਼ਬਦ ਨੂੰ ਕਲੰਕਿਤ ਕਰੋਗੇ। ਪਿਆਰ ਵਿੱਚ ਤਿਆਗ ਕਰਨਾ ਸਿੱਖੋ, ਪਿਆਰ ਵਿੱਚ ਮਰਨਾ ਨਹੀਂ, ਜਿਊਣਾ ਸਿੱਖੋ, ਪਿਆਰ ਨਕਾਰਾਤਮਕ ਨਹੀਂ, ਪ੍ਰੇਮ ਵਿੱਚ ਆਪਣਾਪਣ ਹੈ। ਪਿਆਰ ਵਿੱਚ ਸਲਫਾਸ ਖਾਣ ਵਾਲੇ ਕਾਇਰ ਹਨ। ਪਿਆਰ ਦਾ ਅਰਥ ਸਮਝਦੇ ਹੋ ਤਾਂ ਬਹਾਦਰ ਬਣੋ। ਆਤਮਹੱਤਿਆ ਕਰਨ ਵਾਲੇ ਦੇਹ ਦੀ ਸੁੰਦਰਤਾ ਨੂੰ ਹੀ ਸਭ ਕੁਝ ਸਮਝ ਬੈਠੇ ਹਨ। ਨਾਰੀ ਸਿਰਫ ਭੋਗਣ ਯੋਗ ਹੀ ਨਹੀਂ। ਨਾਰੀ ਸਾਡੀ ਮਾਂ ਹੈ, ਸ੍ਰਿਸ਼ਟੀ ਦੀ ਜਣਨੀ ਹੈ, ਨਾਰੀ ਪ੍ਰੇਮ ਨੂੰ ਮਸ਼ੀਨ ਨਾ ਬਣਾਓ। ਪਿਆਰ ਵਿੱਚ ਵਾਸਨਾ ਦੀ ਘੁੱਟ ਨਾ ਭਰੋ। ਨਾਰੀ ਸੁੰ-ਦਰਤਾ ਦੀ ਮੂਰਤ ਹੈ। ਉਸ ਦੀ ਪੂਜਾ ਕਰੋ। ਸੰਭੋਗ ਪਲਾਂ ਦਾ ਹੈ ਅਤੇ ਨਾਰੀ ਦੀ ਸੁੰਦਰਤਾ ਚਿਰਾਂ ਤੱਕ ਕਾਇਮ ਰਹਿਣ ਵਾਲੀ ਹੈ। ਇੱਕ ਪਲ ਦੇ ਦੇਹ ਦੇ ਸੁੱਖ ਵਿੱਚ ਅਨਾਦਿ ਪਿਆਰ ਦੀ ਭਾਵਨਾ ਨੂੰ ਛੋਟਾ ਨਾ ਕਰੋ। ਪਿਆਰ ਦੀ ਗੰਗਾ ਵਿੱਚ ਇਸ਼ਨਾਨ ਕਰੋ। ਅਪਮਾਨ ਨਾ ਕਰੋ। ਨਾਰੀ ਸਰੀਰ ਭਗਵਾਨ ਦਾ ਪਾਵਨ ਮੰਦਰ ਹੈ। ਇਸ ਮੰਦਰ ਤੋਂ ਦੇਵਤਿਆਂ ਦਾ ਨਿਕਾਸ ਹੁੰਦਾ ਹੈ।

ਥੋੜ੍ਹਾ ਪਿਆਰ ਦੇ ਪ੍ਰਾਇਵਾਚੀ ਫਾਰਸ਼ੀ ਸ਼ਬਦਾਂ ਦੇ ਸ਼ਬਦ ਇਸ਼ਕ ਦਾ ਜਾਇਜ਼ਾ ਲਵੋ। ਫਾਰਸੀ ਸਬਦਕੋਸ਼ ਅਨੁਸਾਰ ਇਸ਼ਕ ਦੇ ਅਰਥ ਹਨ, 'ਕਿਸੇ ਚੀਜ਼ ਨਾਲ ਹੱਦ ਤੋਂ ਵੱਧ ਪਿਆਰ ਹੋਣਾ।' ਫਾਰਸੀ ਵਿੱਚ ਇਸ਼ਕ ਇੱਕ ਰੋਗ ਹੈ, ਜਿਸ ਨੂੰ 'ਜਨੂੰਨ' ਜਾਂ ਪਾਗਲਪਣ ਕਹਿੰਦੇ ਹਨ। ਇਸ਼ਕ ਸ਼ਬਦ 'ਇਸ਼ਕਾ' 'ਚੋਂ ਨਿਕਲਿਆ ਹੈ, ਜੋ ਇੱਕ ਬੂਟੀ ਹੈ, ਜਿਸ ਨੂੰ ਫਾਰਸੀ ਵਿੱਚ 'ਲਵਲਾਵ' ਕਹਿੰਦੇ ਹਨ। ਲਵਲਾਵ ਉਸ ਬੂਟੀ ਨੂੰ ਕਹਿੰਦੇ ਹਨ, ਜੋ ਜਿਹੜੇ ਦਰੱਖਤ ਨਾਲ ਲਿਪਟ ਜਾਂਦੀ ਹੈ, ਉਸ ਦਰੱਖਤ ਨੂੰ ਸੁਕਾ ਦਿੰਦੀ ਹੈ। ਇਹੀ ਗੱਲ ਇਸ਼ਕ ਦੀ ਹੈ, ਜਿਸ ਨੂੰ ਲੱਗ ਜਾਂਦਾ ਹੈ, ਉਹ ਨਾ ਘਰ ਦਾ ਰਹਿੰਦਾ ਹੈ, ਨਾ ਘਾਟ ਦਾ, ਬੱਸ ਜਾਂ ਤਾਂ ਪੀਲਾ ਪੈ ਜਾਂਦਾ ਹੈ ਜਾਂ ਸੁੱਕ ਜਾਂਦਾ ਹੈ। ਹੀਰ ਰਾਂਝੇ ਦਾ ਵੀ ਇਹੀ ਹਾਲ ਸੀ। ਜ਼ਰਾ ਧਿਆ ਦਿਓ।

'ਵਾਰਿਸ ਸ਼ਾਹ ਦੋ ਉੜਨੀਆਂ ਹੀਰ-ਰਾਂਝਾ
ਸੁੱਕੇ, ਪੀਲੜੇ ਤੇ ਬੁਰੇ ਹੀਲੜੇ ਨੀ।'

ਕੁਰਾਨੇ-ਮਜੀਦ ਵਿੱਚ ਇਸ਼ਕ ਇੱਕ ਅਜਿਹੀ ਅਗਨੀ ਹੈ, ਜੋ ਖੁਦਾ ਦੇ ਸਿਵਾਏ, ਦੂਸਰੀਆਂ ਚੀਜ਼ਾਂ ਨੂੰ ਸਾੜ ਦਿੰਦੀ ਹੈ। 'ਹੀਰ' ਕਿੱਸੇ ਦੇ ਰਚਨ-ਾਕਾਰ ਵਾਰਿਸ ਸ਼ਾਹ ਨੇ ਇਸ਼ਕ ਨੂੰ ਦੁਨੀਆ ਦਾ ਬਣਾਉਣ ਵਾਲਾ ਕਿਹਾ ਹੈ, ਤਾਂ ਹੀ ਕਿੱਸੇ ਨੂੰ ਸ਼ੁਰੂ ਕਰਦੇ ਕਹਿੰਦੇ ਹਨ :

'ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ
ਪਹਿਲਾਂ ਆਪ ਹੈ ਰੱਬ ਨੇ ਇਸ਼ਕ ਕੀਤਾ
ਮਸ਼ੂਕ ਹੈ ਨਬੀ ਰਸੂਲ ਮੀਆਂ।'

ਫਾਰਸੀ ਭਾਸ਼ਾ ਦਾ ਸ਼ਬਦ 'ਇਸ਼ਕ' ਸਰੀਰਕ-ਕਾਮਨਾ ਦੀ ਪੂਰਤੀ ਨਹੀਂ ਕਰਦਾ। ਇਸ਼ਕ ਕੋਈ ਪੀਰ-ਫਕੀਰ ਹੀ ਕਰ ਸਕਦਾ ਹੈ। ਇਸ਼ਕ ਨਾਲ ਜੀਵਨ ਬਣਦਾ ਹੈ। ਇਸ਼ਕ ਪੀਰ-ਫਕੀਰ ਦਾ ਮਰਤਬਾ ਹੈ।

ਅਫਸੋਸ ਅੱਜ ਮੋਬਾਈਲ ਦੇ ਆਗਮਨ ਨੇ ਪ੍ਰੇਮ ਦੀ ਭਾਸ਼ਾ ਹੀ ਬਦਲ ਦਿੱਤੀ ਹੈ। ਪ੍ਰੇਮ ਅਰਜ਼ੀ ਦਾ ਢੰਗ ਹੀ ਬਦਲ ਦਿੱਤਾ। ਤਾਰਘਰ ਬੰਦ ਕਰ ਦਿੱਤੇ। ਪੱਤਰ-ਵਿਹਾਰ ਬੰਦ ਹੋ ਗਏ। ਆਪਣੀ ਅਪ੍ਰੱਪਕ ਅਵਸਥਾ ਵਿੱਚ ਅਸੀਂ ਖਤੋ-ਖਿਤਾਬਤ ਨਾਲ ਪ੍ਰੇਮ ਦਾ ਇਜ਼ਹਾਰ ਕਰਦੇ ਸੀ। ਪੱਤਰ ਲਿਖਦੇ ਸੀ, ਪ੍ਰੇਮਿਕਾ ਦਾ ਉਤਰ ਰਾਤਾਂ ਦੀ ਨੀਂਦ ਉਡਾ ਦਿੰਦਾ ਸੀ। ਰਾਤ ਨੂੰ ਉਨ੍ਹਾਂ ਦੇ ਦਰਵਾਜ਼ੇ ਦੀ ਝੀਥ ਰਾਹੀਂ ਖਤ ਛੱਡ ਆਉਂਦੇ ਸੀ। ਪ੍ਰੇਮਿਕਾ ਦੇ ਅਬੋਧ ਭਰਾ ਦੇ ਹੱਥ ਖਤ ਫੜ੍ਹਾ ਦਿੰਦੇ ਸੀ। ਉਨ੍ਹਾਂ ਦੀ ਗਲੀ ਵਿੱਚ ਕੋਡਵਰਡ ਬੋਲਦੇ ਸੀ। ਝਰੋਖੇ 'ਚੋਂ ਉਸ ਨੂੰ ਦੇਖ ਕੇ ਘੰਟਿਆਂਬੱਧੀ ਗੁਆਚੇ ਰਹਿੰਦੇ ਸੀ। ਕਦੇ ਕਿਤਾਬਾਂ ਦੀ ਅਦਲਾ-ਬਦਲੀ ਨਾਲ ਪ੍ਰੇਮ ਨਿਵੇਦਨ ਕਰ ਲਿਆ ਕਰਦੇ ਸੀ। ਅਨੰਦ ਆਉਂਦਾ ਉਧਰੋਂ ਵੀ ਚੰਦ ਲਾਈਨਾਂ ਆ ਜਾਂਦੀਆਂ :

'ਦਿਲ ਦਰਦ ਕਰਤਾ ਹੈ, ਦਿਲੇ ਦਵਾ ਭੇਜੋ,
ਇਸ ਕਾਗਜ਼ ਕੇ ਟੁਕੜੇ ਪਰ,
ਅਪਨੀ ਤਸਵੀਰ ਬਨਾ ਭੇਜੋ।'

ਬੁਰਾ ਹੋਵੇ ਇਸ ਕੰਬਖਤ ਮੋਬਾਈਲ ਦਾ ਕਿ ਪੱਤਰ ਲਿਖਣਾ ਭੁਲਾ ਦਿੱਤਾ। 'ਵੀਡੀਓ ਕਾਲਿੰਗ' ਵਿੱਚ ਆਹਮੋ-ਸਾਹਮਣੇ ਗੱਲਾਂ ਹੁੰਦੀਆਂ ਹਨ ਤੇ ਨੰਗੇ ਅਸ਼ਲੀਲ ਚਿੱਤਰ ਦਿਖਾਏ ਜਾਂਦੇ ਹਨ। ਪਿਆਰ ਰਿਹਾ ਹੀ ਕਿੱਥੇ, ਵਾਸਨਾਵਾਂ ਦਾ ਬੋਲਬਾਲਾ। ਸੈਕਸ ਸ਼ੋਸ਼ਣ ਦੀਆਂ ਹਰ ਪਾਸੇ ਖਬਰਾਂ ਹਨ। ਇਸ ਲਈ ਬੇਕਾਰ ਹੈ 'ਵੈਲੇਨਟਾਈਨਜ਼ ਡੇ'। ਭਾਰਤੀ ਸਭਿਅਤਾ ਨੂੰ ਵੈਲੇਂਟਾਈਨਜ਼ ਡੇ ਦੇ ਨਾਂਅ 'ਤੇ ਬਦਨਾਮ ਨਾ ਕਰੋ। ਪਿਆਰ ਦੀ ਭਾਸ਼ਾ ਸਮਝੋ। ਪਿਆਰ ਦੇ ਸਮੁੰਦਰ 'ਚ ਡੁਬਕੀ ਲਾਓ।

# ..ਤੇ ਦਿਲ ਨੂੰ ਠੰਢ ਪੈ ਗਈ

-ਮਨਜਿੰਦਰ ਸਿੰਘ-

ਪੁੱਤਰ ਗੁਰਸ਼ਾਨ ਪੌਣੇ ਤਿੰਨ ਸਾਲਾਂ ਦਾ ਹੋਇਆ ਤਾਂ ਅਸੀਂ ਉਹਨੂੰ ਸਕੂਲੇ ਪਾਉਣ ਦੀਆਂ ਸਕੀਮਾਂ ਸੋਚਣ ਲੱਗੇ। ਮੈਂ ਤਿੰਨ ਸਾਲ ਤੱਕ ਗੁਰਸ਼ਾਨ ਨੂੰ ਸਕੂਲ ਭੇਜਣ ਲਈ ਰਾਜ਼ੀ ਨਹੀਂ ਸਾਂ, ਪਰ ਸਮੇਂ ਦੀ ਨਜ਼ਾਕਤ ਸਮਝਦਿਆਂ 'ਹਾਈ ਕਮਾਂਡ' ਦਾ ਹੁਕਮ ਮੰਨਣਾ ਪਿਆ। ਸਾਡਾ ਦੋਵਾਂ ਦਾ ਵਾਸਤਾ ਸਿੱਧਾ ਪੰਜਾਬੀ ਨਾਲ ਹੈ, ਇਸ ਲਈ ਇੱਛਾ ਸੀ ਕਿ ਪੁੱਤਰ ਠੇਠ ਤੇ ਸ਼ੁੱਧ ਪੰਜਾਬੀ ਬੋਲੇ। ਮੈਂ ਆਪਣੇ ਦੋਸਤਾਂ ਮਿੱਤਰਾਂ ਨੂੰ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣ ਲਈ ਪ੍ਰੇਰਨ ਲਈ ਕਹਿੰਦਾ ਰਹਿੰਦਾ ਸਾਂ। ਕਈ ਵਾਰ ਹੋਰ ਭਾਸ਼ਾ ਵਿੱਚ ਦਸਖਤ ਕਰਨ 'ਤੇ ਉਨ੍ਹਾਂ ਨੂੰ ਟੋਕਦਾ ਅਤੇ ਦਸਤਖਤ ਪੰਜਾਬੀ ਵਿੱਚ ਨਾ ਕਰਨ ਦਾ ਕਾਰਨ ਪੁੱਛਦਾ। ਬਹੁਤੇ ਮਿੱਤਰ ਮੇਰੇ ਸੁਭਾਅ ਤੋਂ ਜਾਣ ਸਨ, ਇਸ ਲਈ ਅੱਗੇ ਤੋਂ ਦਸਖਤ ਪੰਜਾਬੀ ਵਿੱਚ ਕਰਨ ਦਾ ਵਚਨ ਦੇ ਕੇ ਪੱਲਾ ਛੁਡਾ ਲੈਂਦੇ। ਸਕੂਲ ਵਿੱਚ ਮਾਤ ਭਾਸ਼ਾ ਬਾਰੇ ਆਪਣੇ ਸਾਥੀ ਅਧਿਆਪਕਾਂ ਨਾਲ ਵੀ ਸੰਵਾਦ ਹੁੰਦਾ ਸੀ। ਮੈਂ ਆਪਣੀਆਂ ਦਲੀਲਾਂ ਨਾਲ ਆਪਣੀ ਗੱਲ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਸੀ।

ਸਾਡੇ ਦੋਵਾਂ ਜੀਆਂ ਦੀ ਨੌਕਰੀ ਕਾਰਨ ਪੁੱਤਰ ਦੀ ਸੰਭਾਲ ਲਈ ਘਰੇ ਇਕ ਬੀਬੀ ਦੀਆਂ ਸੇਵਾਵਾਂ ਲੈਣੀਆਂ ਪਈਆਂ। ਉਹ ਆਮ ਕਰ ਕੇ ਬੱਚੇ ਨੂੰ ਟੀ ਵੀ ਸਹਾਰੇ ਛੱਡ ਕੇ ਘਰ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਸੀ। ਬੱਚਿਆਂ ਨੂੰ ਕਾਰਟੂਨ ਦੇਖਣੇ ਬਹੁਤ ਪਸੰਦ ਹੁੰਦੇ ਹਨ। ਸਾਡੀ ਤਰਾਸਦੀ ਇਹ ਹੈ ਕਿ ਟੀ ਵੀ ਉਤੇ ਪੰਜਾਬੀ ਦਾ ਕੋਈ ਇਹੋ ਜਿਹਾ ਚੈਨਲ ਨਹੀਂ, ਜਿਹੜਾ ਬੱਚੇ ਨੂੰ ਮਨੋਰੰਜਨ ਦੇ ਨਾਲ ਪੰਜਾਬੀ ਸਿਖਾਏ। ਥੋੜ੍ਹੇ ਦਿਨਾਂ ਵਿੱਚ ਪੁੱਤਰ ਟੀ ਵੀ ਵਾਲੇ ਕਾਰਟੂਨਾਂ ਦੀ ਭਾਸ਼ਾ ਬੋਲਣ ਲੱਗਾ। ਅਸੀਂ ਉਸ ਨੂੰ ਪੰਜਾਬੀ ਦੇ ਬਹੁਤ ਸਾਰੇ ਸ਼ਬਦ ਤੇ ਵਾਕ ਸਿਖਾਏ, ਪਰ ਸਾਡੇ ਨਾਲੋਂ ਵਧੇਰੇ ਅਸਰ ਉਸ ਉਪਰ ਟੀ ਵੀ ਦਾ ਝਲਕਦਾ ਸੀ। ਅਸੀਂ ਸੋਚਿਆ, ਸ਼ਾਇਦ ਇਹ ਸਕੂਲ ਵਿੱਚ ਜਾ ਕੇ ਆਪਣੇ ਆਪ ਭਾਸ਼ਾ ਸਿੱਖ ਲਵੇਗਾ। ਸ਼ਹਿਰ ਦੇ ਬਹੁਤ ਸਾਰੇ ਨਾਮੀ ਸਕੂਲਾਂ ਤੱਕ ਪਹੁੰਚ ਕੀਤੀ, ਪਰ ਕੋਈ ਅਜਿਹਾ ਸਕੂਲ ਨਹੀਂ ਮਿਲਿਆ ਜੋ ਬੱਚੇ ਨੂੰ ਪੰਜਾਬੀ ਰਾਹੀਂ ਸਿੱਖਿਆ ਦੇਣ ਲਈ ਤਿਆਰ ਹੋਵੇ। ਇਕ ਦਿਨ ਇਕ ਨਜ਼ਦੀਕੀ ਮਿੱਤਰ ਨੇ ਇਕ ਸਕੂਲ ਦਾ ਪਤਾ ਦੱਸਿਆ।

ਅਸੀਂ ਸਕੂਲ ਪ੍ਰਬੰਧਕਾਂ ਨੂੰ ਮਿਲੇ ਤੇ ਨਾਲ ਆਪਣੀਆਂ ਸ਼ਰਤਾਂ ਦੱਸੀਆਂ। ਬੱਚੇ ਨੂੰ ਹੱਥੋਂ ਨਾ ਜਾਣ ਦੇਣ ਦੇ ਲਾਲਚ ਵਿੱਚ ਉਨ੍ਹਾਂ ਬੱਚੇ ਨੂੰ ਸ਼ਰਤਾਂ ਨਾਲ ਸਕੂਲ ਵਿੱਚ ਦਾਖਲ ਕਰ ਲਿਆ। ਸਾਡੀ ਪਹਿਲੀ ਸ਼ਰਤ ਸੀ ਕਿ ਬੱਚੇ ਨੂੰ ਪੰਜਾਬੀ ਬੋਲਣ ਤੋਂ ਰੋਕਿਆ ਨਾ ਜਾਵੇ, ਦੂਜੀ ਇਹ ਕਿ ਬੱਚੇ ਦੀ ਸੌਖ ਅਨੁਸਾਰ ਇਸ ਨਾਲ ਪੰਜਾਬੀ ਵਿੱਚ ਗੱਲ ਕੀਤੀ ਜਾਵੇ। ਥੋੜ੍ਹੇ ਦਿਨਾਂ ਬਾਅਦ ਮੈਂ ਸੁਣਿਆ ਕਿ ਮੇਰਾ ਪੁੱਤਰ ਅੰਗਰੇਜ਼ੀ ਦੀ ਕੋਈ ਕਵਿਤਾ ਗਾ ਰਿਹਾ ਸੀ। ਹੁਣ ਉਹ ਗੱਲਬਾਤ ਵਿੱਚ ਵੀ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦ ਬੋਲਣ ਲੱਗਾ ਸੀ। ਮੈਨੂੰ ਬੱਚੇ ਦੇ ਅੰਗਰੇਜ਼ੀ ਸਿੱਖਣ ਦੀ ਖੁਸ਼ੀ ਤਾਂ ਹੋਈ, ਪਰ ਜ਼ਿਹਨ ਅੰਦਰ ਪੰਜਾਬੀ ਨੂੰ ਆਪਣੇ ਪੁੱਤਰ ਦੇ ਮੂੰਹੋਂ ਵਿਸਰ ਜਾਣ ਦੀ ਚਿੰਤਾ ਵੀ ਸੀ। ਅੱਗੇ ਤੋਂ ਮੈਂ ਆਪਣੇ ਪੁੱਤਰ ਨੂੰ ਭਾਸ਼ਾ ਸਿੱਖਣ ਦੇ ਮਾਮਲੇ 'ਤੇ ਸਭ ਕੁਝ ਉਸੇ ਉਤੇ ਛੱਡ ਦਿੱਤਾ, ਪਰ ਪੰਦਰਾਂ ਦਿਨਾਂ ਬਾਅਦ ਉਸ ਨੂੰ ਆਪਣੇ ਪਿੰਡ ਲਿਜਾਣਾ ਸ਼ੁਰੂ ਕਰ ਦਿੱਤਾ। ਕਿੰਨਾ ਵੀ ਜ਼ਰੂਰੀ ਕੰਮ ਕਿਉਂ ਨਾ ਹੋਵੇ, ਮੈਂ ਵਾਹ ਲੱਗੀ ਵਕਫਾ ਨਾ ਵਧਣ ਦਿੰਦਾ। ਪਿੰਡ ਵਿੱਚ ਗੁਰਸ਼ਾਨ ਆਪਣੇ ਹਮਉਮਰ ਬੱਚਿਆਂ ਨਾਲ ਖੇਡਦਾ ਅਤੇ ਖੂਬ ਮਸਤੀ ਕਰਦਾ। ਕਦੇ-ਕਦੇ ਆਪਣੇ ਦਾਦੇ ਦੇ ਕਨ੍ਹੇੜੇ ਚੜ੍ਹ ਕੇ ਖੇਤਾਂ ਨੂੰ ਚਲਾ ਜਾਂਦਾ। ਪਿੰਡ ਦਾ ਵਾਤਾਵਰਨ ਉਸ ਨੂੰ ਕਿਸੇ ਸਵਰਗ ਤੋਂ ਘੱਟ ਨਹੀਂ ਸੀ ਜਾਪਦਾ। ਹਰ ਵਾਰ ਸਾਡੇ ਪਟਿਆਲੇ ਵਾਪਸ ਆਉਣ ਲੱਗਿਆਂ ਉਹ ਪਿੰਡ ਰਹਿਣ ਦੀ ਜ਼ਿੱਦ ਕਰਦਾ ਤੇ ਖੂਬ ਚੀਕ ਚਿਹਾੜਾ ਪਾਉਂਦਾ। ਉਸ ਦੇ ਮੂੰਹੋਂ ਨਿਕਲੇ ਸ਼ਬਦ 'ਮੈਂ ਪਟਿਆਲੇ ਨਹੀਂ ਜਾਣਾ, ਮੈਨੂੰ ਪਿੰਡ ਪਸੰਦ ਲੱਗਦਾ' ਮੇਰੇ ਦਿਲ ਨੂੰ ਧੂਹ ਜਿਹੀ ਪਾਉਂਦੇ।

ਪਟਿਆਲੇ ਆ ਕੇ ਵੀ ਉਹ ਵਾਰ-ਵਾਰ 'ਫਿਰ ਪਿੰਡ ਕਦੋਂ ਜਾਵਾਂਗੇ' ਵਾਲਾ ਸਵਾਲ ਪੁੱਛਦਾ ਰਹਿੰਦਾ। ਸਮਾਂ ਲੰਘਦਾ ਗਿਆ। ਇਕ ਦਿਨ ਅਚਾਨਕ ਸਕੂਲੋਂ ਉਸ ਦੀ ਅਧਿਆਪਕਾ ਦਾ ਫੋਨ ਆਇਆ। ਉਸ ਨੇ ਫੋਨ ਉਤੇ ਕਿਹਾ, 'ਤੁਸੀਂ ਬੱਚੇ ਨੂੰ ਕੀ ਸਿਖਾ ਕੇ ਸਕੂਲ ਭੇਜ ਦਿੱਤਾ?' ਹੌਸਲਾ ਜਿਹਾ ਕਰਕੇ 'ਗਲਤੀ' ਪੁੱਛੀ ਤਾਂ ਜਵਾਬ ਮਿਲਿਆ, 'ਗਲਤੀ ਤਾਂ ਕੋਈ ਨਹੀਂ, ਮੈਂ ਇਸ ਨੂੰ 'ਮੰਮੀ ਫਿੰਗਰ, ਮੰਮੀ ਫਿੰਗਰ, ਵੇਅਰ ਆਰ ਯੂ' ਵਾਲੀ ਪੋਇਮ ਸਿਖਾਈ ਸੀ, ਪਰ ਇਸ ਨੇ ਇਸ ਪੋਇਮ ਨਾਲ ਹੋਰ ਲਾਈਨਾਂ ਪੰਜਾਬੀ ਦੀਆਂ ਜੋੜ ਲਈਆਂ। ਇਹ ਕਹਿੰਦਾ ਏ- 'ਬਾਪੂ ਫਿੰਗਰ, ਬੇਬੇ ਫਿੰਗਰ, ਟਰੈਕਟਰ ਫਿੰਗਰ, ਟਰਾਲੀ ਫਿੰਗਰ, ਮੱਝਾਂ ਫਿੰਗਰ, ਵੇਅਰ ਆਰ ਯੂ'।' ਮੈਡਮ ਦੀਆਂ ਗੱਲਾਂ ਸੁਣ ਕੇ ਮੇਰੇ ਅੰਦਰ ਅਜੀਬ ਕਿਸਮ ਦੀ ਹਲਚਲ ਪੈਦਾ ਹੋਈ, ਤੇ ਮੂੰਹੋਂ ਇਹ ਸ਼ਿਅਰ ਆਪ ਮੁਹਾਰੇ ਨਿਕਲਿਆ:

ਫਿਰ ਕਰੂੰਬਲ ਫੁੱਟ ਪਈ ਝੱਖੜ ਝੰਬੇ ਰੁੱਖ 'ਤੇ
ਤੂਫਾਨ ਨੂੰ ਇਹ ਵਹਿਮ ਸੀ
ਕਿ ਸਭ ਕੁਝ ਉਡਾ ਕੇ ਲੈ ਗਿਆ।



## ਪੰਜਾਬ ਸਰਕਾਰ ਮਾਰਕੀਟ ਤੋਂ 600 ਕਰੋੜ ਕਰਜ਼ਾ ਲਏਗੀ

ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਵਿੱਤੀ ਸੰਕਟ ਦੇ ਕਾਰਨ ਮਾਰਕੀਟ ਤੋਂ 600 ਕਰੋੜ ਰੁਪਏ ਲੈਣ ਲੱਗੀ ਹੈ। ਰਾਜ ਸਰਕਾਰ ਨੂੰ ਆਸ ਸੀ ਕਿ ਕੇਂਦਰ ਸਰਕਾਰ ਜੀ ਐੱਸ ਟੀ ਵਾਲੇ 4100 ਕਰੋੜ ਰੁਪਏ ਦੇ ਦੇਵੇਗੀ, ਪਰ ਏਦਾਂ ਨਹੀਂ ਹੋਇਆ। ਇਸ ਕਾਰਨ ਪੰਜਾਬ ਸਰਕਾਰ ਨੂੰ ਕਾਫੀ ਔਕੜ ਪੇਸ਼ ਆ ਰਹੀ ਹੈ। ਪੰਜਾਬ ਸਰਕਾਰ ਜਿਹੜੇ 600 ਕਰੋੜ ਰੁਪਏ ਦਾ ਕਰਜ਼ਾ ਲੈ ਰਹੀ ਹੈ, ਉਸ ਨੂੰ ਅਗਲੇ 15 ਸਾਲ ਵਿੱਚ ਮੋੜਿਆ ਜਾਏਗਾ। ਇਹ ਕਰਜ਼ਾ ਸਰਕਾਰ ਮਾਰਕੀਟ ਤੋਂ 18 ਫਰਵਰੀ ਨੂੰ ਲਵੇਗੀ, ਜਿਸ ਦੇ ਲਈ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਰਕਾਰ ਨੇ ਅਪਰੈਲ 2019 ਤੋਂ ਦਸੰਬਰ 2019 ਤੱਕ 8335 ਕਰੋੜ ਰੁਪਏ ਕਰਜ਼ਾ ਮਾਰਕੀਟ ਤੋਂ ਲਿਆ ਸੀ। ਪਿਛਲੇ ਸਾਲ ਦੇ 53 ਫੀਸਦੀ ਦੇ ਮੁਕਾਬਲੇ 43 ਫੀਸਦੀ ਕਰਜ਼ਾ ਹੀ ਲਿਆ ਹੈ। ਰਾਜ ਸਰਕਾਰ ਨੇ ਇਸ ਸਾਲ ਵਿੱਚ 19,657.87 ਕਰੋੜ ਰੁਪਏ ਮਾਰਕੀਟ ਤੋਂ ਕਰਜ਼ਾ ਲੈਣ ਦੀ ਬਜਟ ਵਿੱਚ ਵਿਵਸਥਾ ਕੀਤੀ ਹੈ, ਪਰ ਅਜੇ ਤੱਕ 9000 ਕਰੋੜ ਹੀ ਲਿਆ ਹੈ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ 25 ਫਰਵਰੀ ਨੂੰ ਬਜਟ ਪੇਸ਼ ਕਰਨ ਵਾਲੇ ਹਨ। ਇਸ ਸਾਲ ਵਿੱਚ ਸਰਕਾਰ ਦੀ ਟੈਕਸ ਰੈਵੇਨਿਊ ਅਤੇ ਨਾਨ ਟੈਕਸ ਰੈਵੇਨਿਊ ਨਾਲ ਆਮਦਨ ਵਿੱਚ ਗਿਰਾਵਟ ਆਈ ਹੈ, ਪਰ ਪੰਜਾਬ 'ਤੇ ਕਰਜ਼ੇ ਦਾ ਭਾਰ ਵਧਦਾ ਜਾਂਦਾ ਹੈ।

## ਬੈਂਕ ਮੁਲਾਜ਼ਮ ਕੋਲੋਂ 14 ਲੱਖ ਦੀ ਨਕਦੀ ਲੁੱਟ ਲਈ ਗਈ

ਜ਼ੀਰਾ, 18 ਫਰਵਰੀ (ਪੋਸਟ ਬਿਊਰੋ)- ਜ਼ੀਰਾ ਸ਼ਹਿਰ 'ਚ ਕੱਲ੍ਹ ਦਿਨ-ਦਿਹਾੜੇ ਮੋਟਰਸਾਈਕਲ ਸਵਾਰ ਨਕਾਬਪੋਸ਼ ਬੰਦੇ ਜ਼ੀਰਾ-ਤਲਵੰਡੀ ਰੋਡ 'ਤੇ ਸਮਾਲ ਬੈਂਕ ਅਤੇ ਫਾਈਨਾਂਸ ਕੰਪਨੀ ਆਰ ਬੀ ਐਲ ਦੇ ਕਰਮਚਾਰੀ ਤੋਂ ਲਗਭਗ 14 ਲੱਖ ਦੀ ਨਕਦੀ ਵਾਲਾ ਬੈਗ ਓਦੋਂ ਖੋਹ ਕੇ ਫ਼ਰਾਰ ਹੋ ਗਏ, ਜਦ ਇਹ ਨਕਦੀ ਉਹ ਆਪਣੇ ਬੈਂਕ ਆਰ ਬੀ ਐਸ ਸ਼ਾਖਾ ਵਿੱਚੋਂ ਕੈਸ਼ ਲੈ ਕੇ ਉਹ ਐਚ ਡੀ ਐਫ ਸੀ ਬੈਂਕ 'ਚ ਜਮ੍ਹਾਂ ਕਰਵਾਉਣ ਜਾ ਰਿਹਾ ਸੀ। ਘਟਨਾ ਦਾ ਪਤਾ ਲੱਗਣ 'ਤੇ ਭੁਪਿੰਦਰ ਸਿੰਘ ਐਸ ਐਸ ਪੀ ਫ਼ਿਰੋਜ਼ਪੁਰ ਅਤੇ ਹੋਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਘਟਨਾ ਸਥਾਨ ਦਾ ਜਾਇਦਾ ਲਿਆ। ਪੁਲਸ ਨੇ ਇਸ ਦੌਰਾਨ ਘਟਨਾ ਸਥਾਨ ਦੇ ਨੇੜਲੇ ਇਲਾਕੇ 'ਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੇ ਫੁਟੇਜ਼ ਵੇਖੇ ਹਨ ਅਤੇ ਇਸ ਤੋਂ ਇਲਾਵਾ ਸਥਾਨਕ ਲੋਕਾਂ ਤੋਂ ਪੁੱਛ-ਗਿੱਛ ਕਰਨ ਦੇ ਨਾਲ ਲੁੱਟ ਦੀ ਵਾਰਦਾਤ ਦੇ ਪੀੜਤ ਕਰਮਚਾਰੀ ਅਤੇ ਉਸ ਦੇ ਸਹਿਮਕਰਮੀਆਂ ਤੋਂ ਪੁੱਛ-ਪੜਤਾਲ ਕਰਕੇ ਪੁਲਸ ਪ੍ਰਸ਼ਾਸਨ ਵੱਖ-ਵੱਖ ਪਹਿਲੂਆਂ 'ਤੇ ਕੰਮ ਕਰ ਰਿਹਾ ਹੈ।


### ਲੌਂਗੋਵਾਲ ਵੈਨ ਹਾਦਸੇ ਦਾ ਹੋਇਆ ਅਸਰ

## ਪੰਜਾਬ ਵਿੱਚ 100 ਤੋਂ ਵੱਧ ਸਕੂਲ ਬਸਾਂ ਜ਼ਬਤ ਤੇ 250 ਦੇ ਚਲਾਨ

ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਲੌਂਗੋਵਾਲ ਵਿੱਚ ਇੱਕ ਸਕੂਲ ਵੈਨ ਦੇ ਸੜ ਜਾਣ ਤੇ ਅੱਠ ਬੱਚਿਆਂ ਦੇ ਮਾਰੇ ਜਾਣ ਦੇ ਬਾਅਦ ਪੰਜਾਬ ਸਰਕਾਰ ਦੀ ਨੀਂਦ ਖੁੱਲ੍ਹੀ ਹੈ। ਕੱਲ੍ਹ ਸਾਰੇ ਜ਼ਿਲਿਆਂ ਵਿੱਚ ਸਕੂਲ ਬਸਾਂ ਦੀ ਚੈਕਿੰਗ ਸ਼ੁਰੂ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਲੌਂਗੋਵਾਲ ਹਾਦਸੇ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਧਿਕਾਰੀਆਂ ਨੂੰ ਰਾਜ ਵਿੱਚ ਸਕੂਲ ਬਸਾਂ ਦੀ ਚੈਕਿੰਗ ਦੇ ਹੁਕਮ ਦਿੱਤੇ ਸਨ। ਇਨ੍ਹਾਂ ਹੁਕਮਾਂ 'ਤੇ ਟਰਾਂਸਪੋਰਟ ਵਿਭਾਗ ਨੇ ਸੋਮਵਾਰ ਨੂੰ 4505 ਸਕੂਲੀ ਵਾਹਨਾਂ ਦੀ ਜਾਂਚ ਕੀਤੀ, ਜਿਨ੍ਹਾਂ ਵਿੱਚੋਂ ਮੋਟਰ ਵਾਹਨ ਕਾਨੂੰਨ ਦੀ ਪਾਲਣਾ ਨਾ ਕਰਨ 'ਤੇ 1649 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 253 ਬੱਸਾਂ ਨੂੰ ਜ਼ਬਤ ਕਰ ਲਿਆ।








## ਪਰਿਵਾਰ ਦੀ ਖੁਦਕੁਸ਼ੀ ਮਾਮਲੇ ਵਿਚ ਸਾਬਕਾ ਡੀ ਆਈ ਜੀ ਕੁਲਤਾਰ ਸਿੰਘ ਤੇ ਡੀ ਐੱਸ ਪੀ ਸਮੇਤ ਛੇ ਜਣੇ ਦੋਸ਼ੀ ਕਰਾਰ

ਅੰਮ੍ਰਿਤਸਰ, 18 ਫਰਵਰੀ (ਪੋਸਟ ਬਿਊਰੋ)- ਇੱਕੋ ਪਰਵਾਰ ਦੇ ਪੰਜ ਜੀਆਂ ਵੱਲੋਂ ਜ਼ਹਿਰ ਖਾ ਕੇ ਖੁਦਕੁਸ਼ੀ ਕਰਨ ਦੇ ਬਹੁ ਚਰਚਿਤ ਕੇਸ ਵਿੱਚ ਐਡੀਸ਼ਨਲ ਸੈਸ਼ਨ ਜੱਜ ਸਰਬਜੀਤ ਸਿੰਘ ਬਾਜਵਾ ਦੀ ਅਦਾਲਤ ਨੇ ਛੇ ਮੁਲਜ਼ਮਾਂ (ਸਾਬਕਾ ਡੀ ਆਈ ਜੀ ਕੁਲਤਾਰ ਸਿੰਘ, ਡੀ ਐੱਸ ਪੀ ਹਰਦੇਵ ਸਿੰਘ ਬੋਪਾਰਾਏ, ਪਲਵਿੰ-ਦਰਪਾਲ ਸਿੰਘ ਪੁੱਤਰ ਗੁਰਚਰਨ ਸਿੰਘ ਤੇ ਉਸ ਦੀ ਪਤਨੀ ਪਰਮਿੰਦਰ ਕੌਰ) ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਨ੍ਹਾਂ ਨੂੰ 19 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ।

ਵਰਣਨ ਯੋਗ ਹੈ ਕਿ ਕਰੀਬ 16 ਸਾਲ ਦੇ ਸਮੇਂ ਦੌਰਾਨ ਇਸ ਬਹੁ ਚਰਚਿਤ ਕੇਸ ਵਿੱਚ ਕਈ ਉਤਾਰ-ਚੜ੍ਹਾਅ ਆਏ ਸਨ ਅਤੇ ਆਖਰ ਵਿੱਚ ਅਦਾਲਤ ਨੇ ਪੁਲਸ ਅਫਸਰਾਂ ਤੇ ਚਾਰ ਹੋਰ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦੇ ਕੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਭੇਜਣ ਦਾ ਹੁਕਮ ਦੇ ਦਿੱਤਾ ਹੈ। ਇਹ ਸਾਰਾ ਕਾਂਡ 31 ਅਕਤੂਬਰ 2004 ਨੂੰ ਵਾਪਰਿਆ ਸੀ। ਇਸ ਵਿੱਚ ਚੌਕ ਕਰੋੜੀ ਦੇ ਵਸਨੀਕ ਹਰਦੀਪ ਸਿੰਘ ਅਤੇ ਉਸ ਦੇ ਪਰਵਾਰ ਦੇ ਹੋਰ ਚਾਰ ਮੈਂਬਰਾਂ- ਹਰਦੀਪ ਸਿੰਘ ਦੀ ਪਤਨੀ ਰੋਮੀ, ਮਾਂ ਜਸਵੰਤ ਕੌਰ ਅਤੇ ਬੱਚੇ ਸਿਮਰਨ ਤੇ ਇਸ਼ਮੀਤ ਨੇ ਜ਼ਹਿਰ ਖਾ ਕੇ ਖੁਦਕੁਸ਼ੀ



ਕਰ ਲਈ ਸੀ ਅਤੇ ਕੰਧਾਂ 'ਤੇ ਦੋਸ਼ੀ ਅਫਸਰਾਂ ਸਮੇਤ ਸਾਰਿਆਂ ਦੇ ਨਾਂਅ ਵੀ ਲਿਖੇ ਸਨ। ਇਸੇ ਦੌਰਾਨ ਡੀ ਐੱਸ ਪੀ (ਉਸ ਵਕਤ ਦੇ ਐੱਸ ਐੱਚ ਓ) ਹਰਦੇਵ ਸਿੰਘ 'ਤੇ ਦੋਸ਼ ਹੈ ਕਿ ਉਸ ਨੇ ਸਬੂਤ ਮਿਟਾਉਣ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਉਚ ਪੁਲਸ ਅਧਿਕਾਰੀ ਨੇ ਜਾਂਚ ਦੌਰਾਨ ਕਾਲ ਡਿਟੇਲ ਕਢਵਾਈ ਤਾਂ ਐੱਸ ਐੱਸ ਪੀ ਕੁਲਤਾਰ ਸਿੰਘ (ਸਾਬਕਾ ਡੀ ਆਈ ਜੀ) ਦੀ ਭੂਮਿਕਾ ਪਤਾ ਲੱਗੀ ਅਤੇ ਉਸ ਨੂੰ ਜ਼ਿੰਮੇਵਾਰ ਮੰਨਦੇ ਹੋਏ ਉਚ ਪੁਲਸ ਅਧਿਕਾਰੀਆਂ ਨੂੰ ਲਿਖਿਆ। ਮ੍ਰਿਤਕ ਰੋਮੀ ਨੇ ਇਹ ਲਿਖਿਆ ਸੀ ਕਿ ਕਿਵੇਂ ਉਸ ਦੇ ਦੋਵੇਂ ਬੱਚੇ ਜ਼ਹਿਰ ਖਾਣ ਦੇ ਬਾਅਦ ਤੜਫ-ਤੜਫ ਕੇ ਮਰੇ।

ਇਸ ਕਾਂਡ ਨੇ ਪੂਰੇ ਪੰਜਾਬ ਵਿੱਚ ਹਲਚਲ ਮਚਾ ਦਿੱਤੀ ਸੀ। ਦੋਸ਼ ਹੈ ਕਿ ਹਰਦੀਪ ਸਿੰਘ ਦੇ ਪਿਤਾ ਸੁੰਦਰ ਸਿੰਘ ਦੀ ਮੌਤ ਦੇ ਕੇਸ ਵਿੱਚ ਹਰਦੀਪ ਸਿੰਘ 'ਤੇ ਦੋਸ਼ ਲਾ ਕੇ ਓਦੋਂ ਦੇ ਅੰਮ੍ਰਿਤਸਰ ਦੇ ਐਸ ਐਸ ਪੀ ਕੁਲਤਾਰ ਸਿੰਘ ਨੇ ਕੇਸ ਰਫਾ ਦਫਾ ਕਰਨ ਲਈ ਹਰਦੀਪ ਸਿੰਘ ਕੋਲੋਂ 13 ਲੱਖ ਰੁਪਏ ਮੰਗੇ ਸਨ, ਜਿਨ੍ਹਾਂ ਵਿੱਚੋਂ ਪੰਜ ਲੱਖ ਰੁਪਏ ਦੇ ਦਿੱਤੇ ਗਏ ਤੇ ਬਾਕੀ ਰਕਮ ਦਾ ਹਰਦੀਪ ਸਿੰਘ ਤੋਂ ਪ੍ਰਬੰਧ ਨਹੀਂ ਹੁੰਦਾ ਸੀ। ਦੋਸ਼ ਇਹ ਵੀ ਹੈ ਕਿ ਕੁਲਤਾਰ ਸਿੰਘ ਨੇ ਹਰਦੀਪ ਸਿੰਘ ਦੀ ਪਤਨੀ ਨਾਲ ਆਪਣੇ ਦਫਤਰ ਵਿੱਚ ਜ਼ਬਰਦਸਤੀ ਕੀਤੀ ਸੀ। ਇਸ ਕੇਸ ਨੂੰ ਰਿਟਾਇਰਡ ਜੱਜ ਅਜੀਤ ਸਿੰਘ ਬੈਂਸ ਨੇ ਉਠਾਇਆ ਸੀ ਤੇ ਇਸ ਦੇ ਸ਼ਿਕਾਇਤ ਕਰਤਾ ਸਰਬਜੀਤ ਸਿੰਘ ਵੇਰਕਾ ਹਨ। ਹੈਰਾਨੀ ਵਾਲੀ ਗੱਲ ਹੈ ਕਿ ਇਸ ਕੇਸ ਵਿੱਚ ਦੋਸ਼ੀ ਸਾਬਕਾ ਡੀ ਆਈ ਜੀ ਵਿਰੁੱਧ ਅਦਾਲਤ ਵਿੱਚ ਪੇਸ਼ ਕੀਤੇ ਸਬੂਤਾਂ ਦੀ ਫਾਈਲ ਗਾਇਬ ਹੋ ਚੁੱਕੀ ਸੀ ਅਤੇ ਨਾਲ ਪੁਲਸ ਨੇ ਆਪਣਾ ਰਿਕਾਰਡ ਸਾੜ ਦਿੱਤਾ ਸੀ, ਪਰ ਅਦਾਲਤ ਨੇ ਤੱਥਾਂ ਤੇ ਸਬੂਤਾਂ ਨੂੰ ਦੇਖਦੇ ਹੋਏ ਫੈਸਲਾ ਦਿੱਤਾ ਹੈ।

## ਮਾਣਹਾਨੀ ਕੇਸ ਵਿੱਚ ਵਿਧਾਇਕ ਸਿਮਰਜੀਤ ਬੈਂਸ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ



ਪਟਿਆਲਾ, 18 ਫਰਵਰੀ (ਪੋਸਟ ਬਿਊਰੋ)- ਇਥੋਂ ਦੀ ਅਦਾਲਤ ਨੇ ਮਾਣਹਾਨੀ ਦੇ ਕੇਸ ਵਿੱਚ ਲੋਕ ਇਨਸਾਫ ਪਾਰਟੀ ਦੇ ਸੂਬਾ ਪ੍ਰਧਾਨ ਤੇ ਲੁਧਿਆਣਾ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਇਹ ਕੇਸ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਡੇਢ ਸਾਲ ਪਹਿਲਾਂ ਦਰਜ ਕਰਵ-ਾਇਆ ਸੀ। ਇਸ ਕੇਸ ਦੀ ਅਗਲੀ ਸੁਣਵਾਈ ਛੇ ਮਾਰਚ ਨਿਰਧਾਰਿਤ ਕਰ ਕੇ ਪਟਿਆਲਾ ਪੁਲਸ ਨੂੰ ਅਦਾਲਤ ਨੇ ਹਦਾਇਤ ਕੀਤੀ ਹੈ ਕਿ ਵਿਧਾਇਕ ਦੀ ਇਸ ਦਿਨ ਅਦਾਲਤ ਵਿੱਚ ਹਾਜ਼ਰੀ ਯਕੀਨੀ ਬਣਾਈ ਜਾਵੇ।

ਵਰਣਨ ਯੋਗ ਹੈ ਕਿ ਲੋਕਲ ਬਾਡੀਜ਼ ਮੰਤਰੀ 2018 ਵਿੱਚ ਜਦੋਂ ਸਿਹਤ ਮੰਤਰੀ ਸਨ ਤਾਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੋਸ਼ ਲਾਏ ਸਨ ਕਿ ਬ੍ਰਹਮ ਮਹਿੰਦਰਾ ਨਸ਼ਾ ਛਡਾਊ ਕੇਂਦਰਾਂ ਦੇ ਸੰਚਾਲਕਾਂ ਨੂੰ ਇੱਕ ਵਿਸ਼ੇਸ਼ ਕੰਪਨੀ ਦੀਆਂ ਦਵਾਈਆਂ ਮੰਗਵਾਉਣ ਲਈ ਮਜਬੂਰ ਕਰ ਰਹੇ ਹਨ। ਇਹ ਕੇਸ ਰਾਜਸੀ ਗਲਿਆਰਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਸੀ। ਇਸ ਪਿੱਛੋਂ ਮੰਤਰੀ ਨੇ ਵਿਧਾਇਕ ਨੂੰ ਕਾਨੂੰਨੀ ਨੋਟਿਸ ਭੇਜਿਆ ਸੀ ਕਿ ਜੇ ਉਸ ਨੇ ਮੁਆਫ਼ੀ ਨਾ ਮੰਗੀ ਤਾਂ ਮਾਣਹਾਨੀ ਦਾ ਕੇਸ ਦਾਇਰ ਕਰਨਗੇ, ਪਰ ਵਿਧਾਇਕ ਬੈਂਸ ਨੇ ਕੋਈ ਪ੍ਰਵਾਹ ਨਾ ਕੀਤੀ, ਜਿਸ ਪਿੱਛੋਂ ਬ੍ਰਹਮ ਮਹਿੰਦਰਾ ਵੱਲੋਂ ਪਹਿਲੀ ਅਗਸਤ 2018 ਨੂੰ ਆਪਣੇ ਵਕੀਲ ਐਡਵੋਕੇਟ ਗੁਰਪ੍ਰੀਤ ਸਿੰਘ ਭਸੀਨ ਰਾਹੀਂ ਬੈਂਸ ਦੇ ਖ਼ਿਲਾਫ਼ ਮਾਣਹਾਨੀ ਦਾ ਇਹ ਕੇਸ ਦਾਇਰ ਕੀਤਾ ਸੀ। ਇਸ ਵਿੱਚ ਮੰਤਰੀ ਨੇ ਤਰਕ ਦਿੱਤਾ ਕਿ ਵਿਧਾਇਕ ਨੇ ਅਜਿਹੇ ਮਨਘੜਤ ਦੋਸ਼ ਲਾ ਕੇ ਉਸ ਦੀ ਸਾਫ਼ ਸੁਥਰੀ ਦਿੱਖ ਵਾਲੇ ਰਾਜਸੀ ਜੀਵਨ 'ਤੇ ਕਾਲਖ ਪੋਚਣ ਦੀ ਕੋਸ਼ਿਸ਼ ਕੀਤੀ ਹੈ। ਇਸ ਸਬੰਧੀ ਬ੍ਰਹਮ ਮਹਿੰਦਰਾ ਦੇ ਬਿਆਨਾਂ ਮਗਰੋਂ ਜੁਲਾਈ 2019 'ਚ ਗਵਾਹੀਆਂ ਹੋਣ 'ਤੇ ਅਦਾਲਤ ਨੇ 2 ਅਗਸਤ 2019 ਨੂੰ ਸੰਮਨ ਜਾਰੀ ਕਰਕੇ ਬੈਂਸ ਨੂੰ 2 ਸਤੰਬਰ ਲਈ ਅਦਾਲਤ 'ਚ ਪੇਸ਼ ਹੋਣ ਨੂੰ ਕਿਹਾ ਸੀ। ਫੇਰ ਹੋਰ ਸੰਮਨ 'ਤੇ ਜ਼ਮਾਨਤੀ ਵਾਰੰਟ ਵੀ ਜਾਰੀ ਹੋਏ ਪਰ ਬੈਂਸ ਨਾ ਪੁਜੇ। ਇਸ ਕਾਰਨ ਤਾਜ਼ਾ ਸੁਣਵਾਈ ਦੌਰਾਨ ਪਟਿਆਲਾ ਦੇ ਜੱਜ ਨਿਧੀ ਸੈਣੀ ਦੀ ਅਦਾਲਤ ਨੇ ਥਾਣਾ ਸਿਵਲ ਲਾਈਨ ਪਟਿਆਲਾ ਦੇ ਐਸ ਐਚ ਓ ਰਾਹੀਂ ਵਿਧਾਇਕ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਕੇ ਉਸ ਨੂੰ 6 ਮਾਰਚ ਨੂੰ ਇਸ ਅਦਾਲਤ ਵਿੱਚ ਪੇਸ਼ ਕਰਨ ਦੀ ਹਦਾਇਤ ਕੀਤੀ ਹੈ।

## ਨਾਮਧਾਰੀ ਗੁਰੂ-ਮਾਤਾ ਚੰਦ ਕੌਰ ਦੇ ਕਤਲ ਦੀ ਜਾਂਚ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ

ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਨਾਮਧਾਰੀ ਸੰਪਰਦਾ ਦੀ ਗੁਰੂ-ਮਾਤਾ ਚੰਦ ਕੌਰ ਨੂੰ ਅਣਪਛਾਤੇ ਨੌਜਵਾਨਾਂ ਨੇ ਅਪ੍ਰੈਲ 2016 ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਕੇਸ ਸੀ ਬੀ ਆਈ ਜਾਂਚ ਹਾਲੇ ਤੱਕ ਪੂਰੀ ਨਾ ਹੋ ਸਕਣ ਕਰੇ ਕੇ ਇਸ ਦੀ ਢੁਕਵੀਂ ਜਾਂਚ ਦੀ ਮੰਗ ਲਈ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਗਈ ਹੈ।

ਜਸਟਿਸ ਅਰਵਿੰਦ ਸਾਂਗਵਾਨ ਨੇ ਇਸ ਅਰਜ਼ੀ 'ਤੇ ਸੁਣਵਾਈ ਪਿੱਛੋਂ ਸੀ ਬੀ ਆਈ ਅਤੇ ਪੰਜਾਬ ਸਰਕਾਰ ਨੂੰ 16 ਮਾਰਚ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਹਾਈ ਕੋਰਟ ਨੇ ਇਹ ਨੋਟਿਸ ਹਿਮ-ਾਚਲ ਪ੍ਰਦੇਸ਼ ਦੇ ਮੰਡੀ ਦੇ ਵਾਸੀ ਗੁਰਸੇਵ ਸਿੰਘ ਵੱਲੋਂ ਐਡਵੋਕੇਟ ਮਨਜੀਤ ਸਿੰਘ ਰਾਹੀਂ ਪੇਸ਼ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਜਾਰੀ ਕੀਤਾ ਹੈ। ਇਸ ਅਰਜ਼ੀ ਵਿੱਚ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਮਾਤਾ ਚੰਦ ਕੌਰ ਨੂੰ ਅਪ੍ਰੈਲ 2016 ਵਿੱਚ ਅਣਪਛਾਤੇ ਨੌਜਵਾਨ ਨੇ ਦੋ ਗੋਲੀਆਂ ਮਾਰੀਆਂ ਸਨ ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਏ ਤਾਂ ਇਲਾਜ ਦੇ ਲਈ ਉਨ੍ਹਾਂ ਨੂੰ ਅਪੋਲੋ ਹਸਪਤਾਲ ਭਰਤੀ ਕਰਾਇਆ ਗਿਆ ਸੀ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਨੇ ਕੂਮਕਲਾਂ ਥਾਣੇ ਵਿੱਚ ਧਾਰਾ 302/43 ਅਤੇ ਆਰਮਜ਼ ਐਕਟ ਦੀ ਧਾਰਾ 25/27/54 ਅਤੇ 59 ਦਾ ਕੇਸ ਦਰਜ ਕੀਤਾ ਸੀ। ਬਾਅਦ ਵਿੱਚ ਸਰਕਾਰ ਨੇ ਇਸ ਕੇਸ ਦੀ ਜਾਂਚ ਸੀ ਬੀ ਆਈ ਤੋਂ ਕਰਵਾਏ ਜਾਣ ਦੇ ਨਿਰਦੇਸ਼ ਦੇ ਦਿੱਤੇ ਸਨ। ਸੀ ਬੀ ਆਈ ਨੇ ਨੌਂ ਜਨਵਰੀ 2017 ਵਿੱਚ ਇਸ ਬਾਰੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਸੀ। ਪਟੀਸ਼ਨ ਕਰਤਾ ਨੇ ਹਾਈ ਕੋਰਟ ਵਿੱਚ ਅਰਜ਼ੀ ਰਾਹੀਂ ਦੋਸ਼ ਲਾਇਆ ਹੈ ਕਿ ਸੀ ਬੀ ਆਈ ਪਿਛਲੇ ਤਿੰਨ ਸਾਲਾਂ ਤੋਂ ਇਹ ਜਾਂਚ ਸਹੀ ਤਰ੍ਹਾਂ ਨਹੀਂ ਕਰ ਰਹੀ, ਜਦ ਕਿ ਉਨ੍ਹਾਂ ਕੋਲ ਸਾਰੇ ਸਬੂਤ ਅਤੇ ਗਵਾਹ ਮੌਜੂਦ ਹਨ। ਇਸ ਲਈ ਹਾਈ ਕੋਰਟ ਸੀ ਬੀ ਆਈ ਨੂੰ ਇਸ ਕੇਸ ਦੀ ਜਾਂਚ ਬਿਹਤਰ ਢੰਗ ਨਾਲ ਕਰ ਕੇ ਇਸ ਨੂੰ ਸਿਰੇ ਲਾਉਣ ਦੇ ਹੁਕਮ ਜਾਰੀ ਕਰੇ। ਨਾਲ ਪਟੀਸ਼ਨਰ ਨੇ ਇਸ ਕੇਸ ਵਿੱਚ ਆਪਣੀ ਅਤੇ ਪਰਵਾਰ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਕਈ ਵੱਡੇ ਲੋਕਾਂ ਦਾ ਨਾਂਅ ਲਿਆ ਹੋਣ ਕਾਰਨ ਉਸ ਨੂੰ ਖਤਰਾ ਹੈ।

## ਜਲੰਧਰ ਇੰਪਰੂਵਮੈਂਟ ਟਰੱਸਟ ਨੂੰ ਮਹੀਨੇ ਵਿੱਚ 27 ਲੱਖ ਰੁਪਏ ਚੁਕਾਉਣੇ ਹੋਣਗੇ



ਜਲੰਧਰ, 18 ਫਰਵਰੀ (ਪੋਸਟ ਬਿਊਰੋ)- ਸਟੇਟ ਕੰਜ਼ਿਊਮਰ ਕੋਰਟ ਸਾਹਮਣੇ ਜਲੰਧਰ ਇੰਪਰੂਵਮੈਂਟ ਟਰੱਸਟ ਇੱਕ ਹੋਰ ਕੇਸ ਹਾਰ ਗਿਆ ਹੈ। ਇਸ ਲਈ ਟਰੱਸਟ ਨੂੰ ਇੱਕ ਮਹੀਨੇ ਵਿੱਚ ਅਲਾਟੀ ਨੂੰ 27 ਲੱਖ ਦੀ ਰਕਮ ਦੇਣੀ ਹੋਵੇਗੀ, ਨਹੀਂ ਤਾਂ ਕੋਰਟ ਵੱਲੋਂ ਚੇਅਰਮੈਨ ਦੇ ਖਿਲਾਫ ਵਾਰੰਟ ਜਾਰੀ ਹੋ ਸਕਦੇ ਹਨ।

ਪਤਾ ਲੱਗਾ ਹੈ ਕਿ ਸੂਰਿਆ ਇਨਕਲੇਵ ਐਕਸਟੈਂਸ਼ਨ ਵਿੱਚ ਅਸ਼ਵਨੀ ਮਲਹੋਤਰਾ ਨੇ ਛੇ ਸਤੰਬਰ 2011 ਨੂੰ ਪਲਾਟ ਅਪਲਾਈ ਕੀਤਾ ਅਤੇ ਇਸ ਦੇ ਲਈ 2.60 ਲੱਖ ਰੁਪਏ ਪੇਮੈਂਟ ਐਡਵਾਂਸ ਜਮ੍ਹਾ ਕਰਾਈ ਸੀ। ਸੱਤ ਜੂਨ 2016 ਨੂੰ ਉਨ੍ਹਾਂ ਨੂੰ ਪਲਾਟ ਨੰਬਰ 130 ਡੀ 153 ਗਜ ਅਲਾਟ ਹੋ ਗਿਆ, ਜਿਸ ਦਾ ਕਬਜ਼ਾ ਜਨਵਰੀ 2019 ਵਿੱਚ ਮਿਲ ਜਾਣਾ ਸੀ, ਪਰ ਉਨ੍ਹਾਂ ਨੂੰ ਪਲਾਟ ਦਾ ਕਬਜ਼ਾ ਨਹੀਂ ਮਿਲਿਆ। ਟਰੱਸਟ ਉਨ੍ਹਾਂ ਦੇ ਪਲਾਟ ਦੀ ਮਾਰਕਿੰਗ ਨਹੀਂ ਕਰ ਸਕਿਆ, ਜਿਸ ਕਾਰਨ ਛੇ ਅਗਸਤ 2019 ਨੂੰ ਅਸ਼ਵਨੀ ਮਲਹੋਤਰਾ ਨੇ ਸਟੇਟ ਕੰਜ਼ਿਊਮਰ ਕੋਰਟ ਵਿੱਚ ਟਰੱਸਟ ਦੇ ਖਿਲਾਫ ਕੇਸ ਕਰ ਦਿੱਤਾ। 23 ਜਨਵਰੀ 2020 ਨੂੰ ਸਟੇਟ ਕੰਜ਼ਿਊਮਰ ਕੋਰਟ ਨੇ ਅਲਾਟੀ ਦੇ ਹੱਕ ਵਿੱਚ ਫੈਸਲਾ ਦਿੱਤਾ ਤੇ ਟਰੱਸਟ ਨੂੰ ਹੁਕਮ ਦਿੱਤਾ ਕਿ ਟਰੱਸਟ ਅਲਾਟੀ ਨੂੰ 27 ਲੱਖ ਰੁਪਏ ਅਦਾ ਕਰੇ।

## ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ, ਦੋ ਜ਼ਖ਼ਮੀ




ਪਾਤੜਾਂ, 18 ਫਰਵਰੀ (ਪੋਸਟ ਬਿਊਰੋ)- ਦਿੱਲੀ ਸੰਗਰੂਰ ਨੈਸ਼ਨਲ ਹਾਈਵੇ ਉੱਤੇ ਕੱਲ੍ਹ ਰਾਤ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਵਿੱਚ ਇੱਕ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਪਾਤੜਾਂ ਦੇ ਮੁੱਢਲੇ ਸਿਹਤ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ ਪਰ ਡਾਕਟਰਾਂ ਨੇ ਦੋਵਾਂ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਰੈਫਰ ਕਰ ਦਿੱਤਾ। ਹਾਦਸਾ ਓਦੋਂ ਵਾਪਰਿਆ ਜਦੋਂ ਕਾਰ ਸ਼ਹਿਰ ਦੇ ਮੁੱਖ ਚੌਕ ਤੋਂ ਲੰਘ ਰਹੀ ਸੀ ਤੇ ਚੌਕ ਵਿੱਚੋਂ ਜਾਖਲ ਰੋਡ ਵੱਲ ਮੁੜ ਰਹੇ ਟਰਾਲੇ ਨਾਲ ਟਕਰਾ ਗਈ। ਮਿਲੀ ਜਾਣਕਾਰੀ ਅਨੁਸਾਰ ਕਾਰ ਸਵਾਰ ਚਾਰ ਨੌਜਵਾਨ ਦਿੱਲੀ ਤੋਂ ਹੁਸ਼ਿਆਰਪੁਰ ਜਾ ਰਹੇ ਸਨ। ਰਾਤ ਇੱਕ ਵਜੇ ਦੇ ਕਰੀਬ ਜਦੋਂ ਕਾਰ ਸਵਾਰ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਕ ਤੋਂ ਲੰਘ ਰਹੇ ਸਨ ਤਾਂ ਕਾਰ ਪਟਿਆਲਾ ਵਾਲੇ ਪਾਸਿਓਂ ਜਾਖਲ ਰੋਡ ਨੂੰ ਮੁੜਦੇ ਟਰਾਲੇ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਨੌਜਵਾਨਾਂ ਦੀ ਮੌਕੇ ਉਤੇ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ। ਕਾਰ ਸਵਾਰ ਚਾਰੇ ਨੌਜਵਾਨ ਦਿੱਲੀ ਦੇ ਰਹਿਣ ਵਾਲੇ ਸਨ। ਹਾਦਸੇ ਵਿੱਚ ਮਰਨ ਵਾਲਿਆਂ ਦੀ ਪਛਾਣ ਸਾਜਿਦ ਖ਼ਾਨ (38) ਵਾਸੀ ਸਵਿੱਤਰੀ ਨਗਰ ਦਿੱਲੀ ਤੇ ਰਜਤ (34) ਵਾਸੀ ਮਾਲਵੀਆ ਨਗਰ ਦਿੱਲੀ ਵਜੋਂ ਹੋਈ ਹੈ ਜਦੋਂ ਕਿ ਜ਼ਖ਼ਮੀਆਂ ਵਿੱਚ ਅਮਿਤ (32) ਅਤੇ ਰਾਹੁਲ (34) ਸ਼ਾਮਲ ਹਨ। ਸਿਟੀ ਪੁਲਸ ਚੌਕੀ ਦੇ ਇੰਚਾਰਜ ਹਰਸ਼ਵੀਰ ਸਿੰਘ ਸੰਧੂ ਨੇ ਦੱਸਿਆ ਕਿ ਟਰਾਲੇ ਦਾ ਡਰਾਈਵਰ ਫ਼ਰਾਰ ਹੋ ਗਿਆ ਹੈ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
  & lots of other Positions

Invest $200,000 (CAD) & Immigrate with family under Business Immigration

Fast Track Immigration Under INVESTORS CLASS IMMIGRATION

Subhash Punia
Immigration Counsel



Atlantic Immigration


By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




# ਕਸ਼ਮੀਰ ਬਾਰੇ ਆਰੋਗਾਨ ਦੇ ਬਿਆਨ ਉੱਤੇ ਭਾਰਤ ਨੇ ਤੁਰਕੀ ਨੂੰ ਝਾੜ ਪਾਈ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਬਾਰੇ ਪਾਕਿਸਤਾਨ ਦੇ ਸੁਰ ਵਿੱਚ ਸੁਰ ਮਿਲਾਉਣ ਕਾਰਨ ਭਾਰਤ ਨੇ ਤੁਰਕੀ ਨੂੰ ਫਿਰ ਜ਼ਬਰਦਸਤ ਝਾੜ ਪਾਈ ਹੈ ਤੇ ਤੁਰਕੀ ਦੇ ਖ਼ਿਲਾਫ਼ ਇਤਰਾਜ਼ ਪੱਤਰ (ਡੇਮਾਰਸ਼) ਜਾਰੀ ਕਰਦੇ ਹੋਏ ਕਿਹਾ ਕਿ ਰਾਸ਼ਟਰਪਤੀ ਰੈਸੇਪ ਤੈਯਪ ਅਰਦੋਗਾਨ ਦੇ ਕਸ਼ਮੀਰ 'ਤੇ ਦਿੱਤੇ ਗਏ ਬਿਆਨ ਨਾ ਤਾਂ ਇਤਿਹਾਸ ਦੀ ਸਮਝ ਮੁਤਾਬਕ ਹਨ ਅਤੇ ਨਾ ਹੀ ਕੂਟਨੀਤੀ ਦੀ ਮਰਿਆਦਾ ਦੇ ਮੁਤਾਬਕ। ਵਿਦੇਸ਼ ਮੰਤਰਾਲੇ ਦੇ ਬਿਆਨ ਵਿੱਚ ਇਥੋਂ ਤੱਕ ਕਿਹਾ ਗਿਆ ਹੈ ਕਿ ਇਸ ਨਾਲ ਭਾਰਤ ਅਤੇ ਤੁਰਕੀ ਦੇ ਦੁਵੱਲੇ ਰਿਸ਼ਤਿਆਂ 'ਤੇ ਕਾਫ਼ੀ ਬੁਰਾ ਅਸਰ ਪੈ ਸਕਦਾ ਹੈ।

ਅਰਦੋਗਾਨ ਪਿਛਲੇ ਹਫ਼ਤੇ ਪਾਕਿ-ਸਤਾਨ ਯਾਤਰਾ ਉੱਤੇ ਗਏ ਸਨ। ਉਥੇ ਪਾਰਲੀਮੈਂਟ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਕਸ਼ਮੀਰ ਵਿੱਚ ਜਾਰੀ 'ਸੰਘਰਸ਼' ਦੀ ਤੁਲਨਾ ਦੂਜੇ ਵਿਸ਼ਵ ਯੁੱਧ ਦੌਰਾਨ ਤੁਰਕੀ ਦੇ ਸੰਘਰਸ਼ ਨਾਲ ਕੀਤੀ ਸੀ। ਤੁਰਕੀ ਨੇ ਕਸ਼ਮੀਰ 'ਤੇ ਪਾਕਿ-ਸਤਾਨ ਨੂੰ ਪੂਰਾ ਸਮਰਥਨ ਦੇਣ ਦੀ ਗੱਲ ਵੀ ਕਹੀ ਸੀ। ਭਾਰਤ ਨੇ ਉਸੇ ਸਮੇਂ ਇਸ ਉਤੇ ਆਪਣੀ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ, ਪ੍ਰੰਤੂ ਅਰਦੋਗਾਨ ਦੇ ਬਿਆਨ ਨੂੰ ਜਿਵੇਂ ਪਾਕਿਸਤਾਨ ਨੇ ਆਪਣੀ ਇੱਕ ਵੱਡੀ ਕੂਟਨੀਤਕ ਜਿੱਤ ਵਜੋਂ ਪ੍ਰਸਾਰਿਤ ਕੀਤਾ ਹੈ, ਉਸ ਨੂੰ ਦੇਖਦੇ ਹੋਏ ਹੀ ਵਿਦੇਸ਼ ਮੰਤਰਾਲੇ ਨੂੰ ਹੋਰ ਸਖ਼ਤ ਹੋਣਾ ਪਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਮੁਤਾਬਕ ਪਾਕਿ-ਸਤਾਨ ਦੀ ਸ਼ਹਿ ਵਾਲੇ ਅੱਤਵਾਦ ਨੂੰ ਤੁਰਕੀ ਵੱਲੋਂ ਜਿਵੇਂ ਜਾਇਜ਼ ਠਹਿਰਾਇਆ ਜਾ ਰਿਹਾ ਹੈ, ਅਸੀਂ ਉਸ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ। ਤੁਰਕੀ ਦੇ ਰਾਸ਼ਟਰਪਤੀ ਵੱਲੋਂ ਇੱਕ ਪੁਰਾਣੀ ਘਟਨਾ ਦੀ ਮੌਜੂਦਾ ਘਟਨਾ ਨਾਲ ਤੁਲਨਾ ਕਰਨਾ ਛੋਟੀ ਮਾਨਸਿਕਤਾ ਨੂੰ ਦਿਖਾਉਂਦਾ ਹੈ। ਇੱਕ ਹੋਰ ਮਿਸਾਲ ਹੈ ਕਿ ਤੁਰਕੀ ਕਿਸੇ ਦੂਜੇ ਦੇਸ਼ ਦੇ ਅੰਦਰੂਨੀ ਮਾਮਲਿਆਂ 'ਚ ਲਗਾਤਾਰ ਦਖ਼ਲ ਦੇ ਰਿਹਾ ਹੈ। ਇਹ ਭਾਰਤ ਨੂੰ ਮਨਜ਼ੂਰ ਨਹੀਂ ਹੈ। ਤੁਰਕੀ ਹਮੇਸ਼ਾ ਤੋਂ ਪਾਕਿਸਤਾਨ ਦਾ ਮਿੱਤਰ ਦੇਸ਼ ਰਿਹਾ ਹੈ ਪ੍ਰੰਤੂ ਇਹ ਪਹਿਲਾ ਮੌਕਾ ਹੈ ਜਦੋਂ ਉਹ ਕਸ਼ਮੀਰ 'ਤੇ ਇਸ ਤਰ੍ਹਾਂ ਖੁੱਲ੍ਹ ਕੇ ਉਸ ਦਾ ਸਮਰਥਨ ਕਰਦਾ ਹੈ। ਭਾਰਤ ਨਾਲ ਤੁਰਕੀ ਦੇ ਬੇਹੱਦ ਪੁਰਾਣੇ ਰਿਸ਼ਤੇ ਹਨ ਅਤੇ ਉਥੋਂ ਦੀ ਸਰਕਾਰ ਇਸ ਦਾ ਲਿਹਾਜ਼ ਕਰਦੀ ਆਈ ਹੈ। ਮੰਨਿਆ ਜਾਂਦਾ ਹੈ ਕਿ ਅਰਦੋਗਾਨ ਪਾਕਿਸਤਾਨ ਤੇ ਮਲੇਸ਼ੀਆ ਨਾਲ ਮਿਲ ਕੇ ਮੁਸਲਮ ਦੇਸ਼ਾਂ ਦਾ ਨਵਾਂ ਖੇਮਾ ਬਣਾਉਣ ਦੀ ਕੋਸ਼ਿਸ਼ ਵਿੱਚ ਹਨ।

## ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ ਮੁਕਾਬਲੇ ਵਿੱਚ ਦੋ ਖ਼ਤਰਨਾਕ ਬਦਮਾਸ਼ ਮਾਰੇ



ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਕੱਲ੍ਹ ਤੜਕੇ ਹੋਏ ਜ਼ਬਰਦਸਤ ਮੁਕਾਬਲੇ ਦੌਰਾਨ ਦੋ ਬਦਮਾਸ਼ਾਂ ਨੂੰ ਮਾਰ ਦਿੱਤਾ ਹੈ। ਮਾਰੇ ਗਏ ਬਦਮਾਸ਼ਾਂ ਦਾ ਨਾਂਅ ਰਾਜਾ ਪਹਿਲਵਾਨ ਉਰਫ ਰਫੀਕ ਅਤੇ ਰਮੇਸ਼ ਉਰਫ ਰਾਜੂ ਉਰਫ ਬਹਾਦੁਰ ਹਨ। ਪੁਲਸ ਦੇ ਸਪੈਸ਼ਲ ਸੈੱਲ ਨਾਲ ਦੋਵਾਂ ਦਾ ਮੁਕਾਬਲੇ ਓਦੋਂ ਹੋਇਆ ਜਦ ਉਹ ਮਾਂ ਆਨੰਦਮਈ ਮਾਰਗ ਤੁਗਲਕਾਬਾਦ ਦੇ ਰਸਤੇ ਔਖਲਾ ਮੰਡੀ ਇਲਾਕੇ ਵੱਲ ਜਾ ਰਹੇ ਸਨ।

ਇਸ ਸੰਬੰਧ ਵਿੱਚ ਦਿੱਲੀ ਪੁਲਸ ਦੇ ਇੱਕ ਉੱਚ ਅਧਿਕਾਰੀ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਦੋਵਾਂ ਬਦਮਾਸ਼ਾਂ ਨੇ ਸਾਡੀਆਂ ਟੀਮਾਂ 'ਤੇ ਫਾਇਰਿੰਗ ਕੀਤੀ, ਪਰ ਕਿਉਂਕਿ ਪੂਰੀ ਟੀਮ ਬੁਲੇਟ ਪਰੂਫ ਜੈਕਟਾਂ ਅਤੇ ਹਥਿਆਰਾਂ ਨਾਲ ਲੈਸ ਸੀ, ਇਸ ਲਈ ਕੋਈ ਨੁਕਸਾਨ ਨਹੀਂ ਹੋਇਆ। ਬਦਮਾਸ਼ਾਂ ਨੇ ਪੁਲਸ ਦੇ ਵਾਹਨਾਂ 'ਤੇ ਵੀ ਕਈ ਗੋਲੀਆਂ ਚਲਾਈਆਂ। ਮੁਕਾਬਲਾ ਸਵੇਰੇ ਪੰਜ ਵਜੇ ਦੇ ਕਰੀਬ ਉਦੋਂ ਹੋਇਆ, ਜਦ ਦੋਵਾਂ ਬਦਮਾਸ਼ਾਂ ਨੂੰ ਆਵਾਜ਼ ਦੇ ਕੇ ਪੁਲਸ ਟੀਮ ਨੇ ਸਰੰਡਰ ਕਰਨ ਲਈ ਕਿਹਾ। ਜਵਾਬ ਬਦਮਾਸ਼ ਮੌਕੇ ਤੋਂ ਭੱਜਣ ਲੱਗੇ। ਉਸ ਦੇ ਬਾਅਦ ਉਨ੍ਹਾਂ ਨੇ ਪਿੱਛੇ ਦੌੜ ਰਹੇ ਪੁਲਸ ਟੀਮ ਦੇ ਮੈਂਬਰਾਂ 'ਤੇ ਹੀ ਫਾਇਰਿੰਗ ਕਰ ਦਿੱਤੀ। ਬਚਾਅ ਤੇ ਜਵਾਬ ਵਿੱਚ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਦੀ ਟੀਮ ਨੂੰ ਵੀ ਗੋਲੀਆਂ ਚਲਾਉਣੀਆਂ ਪਈਆਂ। ਕੁਝ ਦੇਰ ਦੋਵਾਂ ਪਾਸਿਉਂ ਹੋਈ ਗੋਲੀਬਾਰੀ ਵਿੱਚ ਬਦਮਾਸ਼ ਗੋਲੀਆਂ ਲੱਗਣ ਨਾਲ ਜ਼ਖਮੀ ਹੋ ਗਏ। ਉਨ੍ਹਾਂ ਨੂੰ ਨੇੜੇ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪਤਾ ਲੱਗਾ ਹੈ ਕਿ ਮੁਕਾਬਲੇ ਵਿੱਚ ਮਾਰਿਆ ਗਿਆ ਰਾਜਾ ਪਹਿਲਵਾਨ ਵਿਕਾਸ ਕੁੰਜ ਇੰਦਰਪੁਰੀ, ਲੋਨੀ, ਗਾਜੀਆਬਾਦ ਦਾ ਰਹਿਣ ਵਾਲਾ ਸੀ। ਉਸ ਦਾ ਦੂਸਰਾ ਮਾਰਿਆ ਗਿਆ ਸਾਥੀ ਰਮੇਸ਼ ਰਾਜੂ ਮਹਾਲਛਮੀ ਇਨਕਲੇਵ, ਸ਼ਿਵ ਵਿਹਾਰ, ਕਰਾਵਲ ਨਗਰ ਦਿੱਲੀ ਵਿੱਚ ਰਹਿੰਦਾ ਸੀ। ਰਾਜਾ ਬਦਮਾਸ਼ ਦੇ ਖਿਲਾਫ ਗਾਜੀਆਬਾਦ ਦੇ ਲੋਨੀ ਥਾਣੇ ਵਿੱਚ ਹੱਤਿਆ ਦੇ ਦੋ ਮਾਮਲੇ ਦਰਜ ਸਨ।

## ਸਸਤੇ ਸੋਨੇ ਦਾ ਝਾਂਸਾ ਦੇ ਕੇ 25 ਲੱਖ ਰੁਪਏ ਠੱਗ ਲਏ

ਟੋਹਾਣਾ, 18 ਫਰਵਰੀ (ਪੋਸਟ ਬਿਊਰੋ)- ਸਿਟੀ ਪੁਲਸ ਨੇ 25 ਲੱਖ ਰੁਪਏ ਵਿੱਚ ਇੱਕ ਕਿਲੋ ਸੋਨਾ ਦੇਣ ਦਾ ਲਾਲਚ ਦੇ ਕੇ ਠੱਗੀ ਕਰਨ ਦੇ ਕੇਸ ਵਿੱਚ ਚਾਰ ਜਣਿਆਂ ਨੂੰ ਨਾਮਜ਼ਦ ਕੀਤਾ ਹੈ। ਪੁਲਸ ਨੇ ਹੈਦਰਵਾਲਾ ਵਾਸੀ ਮਨਦੀਪ ਕੁਮਾਰ ਉਰਫ ਘੁੱਗੀ ਦੀ ਸ਼ਿਕਾਇਤ 'ਤੇ ਜ਼ਿਲਾ ਬੀਕਾਨੇਰ ਦੇ ਸ੍ਰੀ ਕੋਲਾਇਤ ਵਾਸੀ ਅਜੀਤ, ਜੋਧਪੁਰ ਜ਼ਿਲੇ ਦੇ ਛੋਟੀ ਬਾਵੜੀ ਦੀ ਰਾਧਾ ਮਾਧਵ ਕਲੋਨੀ ਵਾਸੀ ਦੀਪਕ, ਜੋਧਪੁਰ ਦੇ ਰਾਤਾਨਾੜਾ ਵਾਸੀ ਮਨਸਾ ਉਰਫ ਮਨੂ ਅਤੇ ਪੋਖਰਣ ਵਾਸੀ ਕਰੀਮ ਖਾਨ 'ਤੇ ਕੇਸ ਦਰਜ ਕੀਤਾ ਹੈ। ਮਨਦੀਪ ਕੁਮਾਰ ਨੇ ਦੱਸਿਆ ਕਿ ਜੂਨ 2018 ਵਿੱਚ ਉਸ ਦੀ ਮੁਲਾਕਾਤ ਜੀਂਦ ਦੇ ਬਾਟਾ ਵਾਸੀ ਰਾਮਨਿਵਾਸ ਨਾਲ ਹੋਈ ਸੀ ਤੇ ਬੱਚਿਆਂ ਦੇ ਵਿਆਹ ਵਿੱਚ ਸੋਨਾ ਖਰੀਦਣ ਦੀ ਗੱਲ 'ਤੇ ਉਸ ਨੇ ਦੱਸਿਆ ਕਿ ਉਸ ਦਾ ਦੋਸਤ ਅਜੀਤ ਸੋਨੇ ਦਾ ਵਪਾਰ ਕਰਦਾ ਹੈ ਅਤੇ ਉਹ ਤੁਹਾਨੂੰ ਸਸਤਾ ਸੋਨਾ ਦਿਵਾ ਸਕਦਾ ਹੈ। ਫਿਰ ਉਸ ਨੇ ਅਜੀਤ ਨਾਲ ਉਸ ਦੀ ਗੱਲ ਕਰਵਾਈ। ਅਜੀਤ ਨੇ ਦੱਸਿਆ ਕਿ ਦੀਪਕ, ਮਨਸਾ ਤੇ ਕਰੀਮ ਖਾਨ ਸੋਨਾ ਬਾਹਰ ਤੋਂ ਲਿਆਉਣ ਤੇ ਦੇਣ ਦਾ ਕੰਮ ਕਰਦੇ ਹਨ ਉਹ ਸਿਰਫ ਗ੍ਰਾਹਕ ਨਾਲ ਗੱਲਬਾਤ ਕਰਵਾ ਦਿੰਦਾ ਹੈ। ਤਿੰਨਾਂ ਨੇ ਉਸ ਨੂੰ ਮਿਲ ਕੇ ਦੱਸਿਆ ਕਿ 25 ਲੱਖ ਰੁਪਏ ਵਿੱਚ ਇੱਕ ਕਿਲੋ ਸੋਨਾ ਮਿਲ ਜਾਏਗਾ। ਇਸ 'ਤੇ ਉਸ ਨੂੰ ਸਸਤਾ ਸੋਨਾ ਮਿਲਣ ਦਾ ਲਾਲਚ ਹੋ ਗਿਆ ਅਤੇ ਉਸ ਨੇ ਆਪਣੇ ਭਰਾ ਜਗਦੀਪ ਤੋਂ ਰੁਪਿਆ ਉਧਾਰ ਲੈ ਲਿਆ। ਅਗਸਤ 2018 ਨੂੰ ਉਨ੍ਹਾਂ ਨੂੰ 25 ਲੱਖ ਰੁਪਏ ਦੇ ਦਿੱਤੇ। ਉਨ੍ਹਾਂ ਨੇ ਕਿਹਾ ਕਿ ਇੱਕ ਮਹੀਨੇ ਦੇ ਬਾਅਦ ਟੋਹਾਣਾ ਆ ਕੇ ਇੱਕ ਕਿਲੋ ਸੋਨਾ ਦੇ ਜਾਣਗੇ। ਉਹ ਇੱਕ ਮਹੀਨੇ ਦੇ ਬਾਅਦ ਟੋਹਾਣਾ ਆਏ, ਪ੍ਰੰਤੂ ਕਿਹਾ ਕਿ ਅਜੇ ਤੱਕ ਸੋਨਾ ਆਇਆ ਨਹੀਂ।

## ਫਰਜ਼ੀ ਆਮਦਨ ਲਿਖਾ ਕੇ ਪ੍ਰਵਾਸੀ ਭਾਰਤੀ ਵੀ ਟੈਕਸ ਨਹੀਂ ਬਚਾ ਸਕਣਗੇ




ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਸਟੇਟਲੈੱਸ ਪਰਸਨ 'ਤੇ ਟੈਕਸ ਲਾਉਣ ਦੀ ਸਰਕਾਰ ਦੀ ਕੋਸ਼ਿਸ ਦੇ ਨਾਲ ਕਈ ਪ੍ਰਵਾਸੀ ਭਾਰਤੀਆਂ (ਐੱਨ ਆਰ ਆਈਜ਼) ਅਤੇ ਸਰਕਾਰ ਵਿਚਾਲੇ ਚੂਹੇ-ਬਿੱਲੀ ਦੀ ਖੇਡ ਹੋ ਸਕਦੀ ਹੈ। ਇਸ ਟੈਕਸ ਦਾ ਅਸਰ ਦਾ ਲੋਕਾਂ ਨੰ ਜਿਵੇਂ-ਜਿਵੇਂ ਪਤਾ ਲੱਗ ਰਿਹਾ ਹੈ, ਉਨ੍ਹਾਂ ਵਿੱਚ ਡਰ ਬੈਠ ਰਿਹਾ ਹੈ ਕਿ ਅਗਲੇ ਸਾਲ ਤੋਂ ਇਨਕਮ ਟੈਕਸ ਡਿਪਾਰਟਮੈਂਟ ਐੱਨ ਆਰ ਆਈ ਤੋਂ ਵਿਖਾਈ ਫਰਜ਼ੀ ਆਮਦਨ ਉੱਤੇ ਸਵਾਲ ਕਰ ਸਕਦਾ ਹੈ।

ਵਰਨਣ ਯੋਗ ਹੈ ਕਿ ਵਿਦੇਸ਼ੀ ਆਮਦਨ ਉੱਤੇ ਲਗਭਗ ਇੱਕ ਦਹਾਕੇ ਤੋਂ, ਖਾਸ ਤੌਰ ਉੱਤੇ 2015 ਵਿੱਚ ਬਲੈਕ ਮਨੀ ਐਕਟ ਪਾਸ ਕੀਤੇ ਜਾਣ ਮਗਰੋਂ ਕਈ ਭਾਰਤੀ ਵਿਦੇਸ਼ ਵਿੱਚ ਲੁਕਾ ਕੇ ਰੱਖੇ ਅਣਐਲਾਨੇ ਫੰਡ ਨੂੰ ਜਾਇਜ਼ ਬਣਾਉਣ ਲਈ ਵਿਦੇਸ਼ ਤੋਂ ਟਰੇਡਿੰਗ ਪ੍ਰਾਫਿਟ, ਕੰਸਲਟੈਂਸੀ ਫੀਸ ਤੇ ਭਾਰੀ ਤਨਖਾਹ ਦੇ ਰੂਪ ਵਿੱਚ ਫਰਜ਼ੀ ਇਨਕਮ ਜੈਨਰੇਟ ਕਰਨ ਲਈ ਐੱਨ ਆਰ ਆਈ ਬਣੇ ਹੋਏ ਹਨ। ਅਜਿਹੇ ਲੋਕਾਂ ਦਾ ਬੁਰਾ ਸਮਾਂ ਸ਼ੁਰੂ ਹੋ ਸਕਦਾ ਹੈ ਕਿਉਂਕਿ ਉਨ੍ਹਾਂ ਨੂੰ ਆਪਣੀ ਇਸ ਇਨਕਮ ਨੂੰ ਸਪੱਸ਼ਟ ਕਰਨਾ ਪਵੇਗਾ। ਬਜਟ ਤੋਂ ਇਕ ਦਿਨ ਬਾਅਦ ਜਾਰੀ ਹੋਏ ਸਰਕਾਰੀ ਪ੍ਰੈੱਸ ਰਿਲੀਜ਼ ਵਿੱਚ ਭਰੋਸਾ ਦਿੱਤਾ ਗਿਆ ਹੈ ਕਿ ਬੋਨਾਫਾਈਡੀ ਵਰਕਰ ਨੂੰ ਵਿਦੇਸ਼ ਵਿੱਚ ਹੋਈ ਕਮਾਈ 'ਤੇ ਟੈਕਸ ਨਹੀਂ ਦੇਣਾ ਪਵੇਗਾ। ਅਸਲ ਵਿੱਚ ਇਹ ਦੂਜੇ ਐੱਨ ਆਰ ਆਈ ਲਈ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੂੰ ਵਿਦੇਸ਼ ਤੋਂ ਹੋਈ ਭਾਰੀ ਆਮਦਨ ਬਾਰੇ ਸਫਾਈ ਦੇਣੀ ਪਵੇਗੀ। ਹਾਲੇ ਤੱਕ ਟੈਕਸ ਡਿਪਾਰਟਮੈਂਟ ਨੇ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਹੈ। ਫਾਈਨਾਂਸ ਬਿੱਲ 2020 ਮੁਤਾਬਕ ਜਿਨ੍ਹਾਂ ਭਾਰਤੀਆਂ 'ਤੇ ਕਿਸੇ ਦੂਜੇ ਦੇਸ਼ ਵਿੱਚ ਟੈਕਸ ਦੀ ਦੇਣਦਾਰੀ ਨਹੀਂ, ਉਨ੍ਹਾਂ ਨੂੰ ਨਾਗਰਿਕ ਮੰਨਿਆ ਜਾਵੇਗਾ। ਇੱਕ ਸੀਨੀਅਰ ਚਾਰਟਰਡ ਅਕਾਊਂਟੈਂਟ ਦਾ ਕਹਿਣਾ ਹੈ ਕਿ ਵਿਦੇਸ਼ ਵਿੱਚ ਬੋਨਾਫਾਈਡੀ ਵਰਕਰ ਵਾਂਗ ਕਮਾਈ ਕੀਤੀ ਸਾਬਤ ਕਰਨ ਦੀ ਜ਼ਿੰਮੇਵਾਰੀ ਟੈਕਸ-ਪੇਅਰ ਦੀ ਹੋਵੇਗੀ। ਇਹ ਸਰਕਾਰ ਦੀ ਰਿਲੀਜ਼ ਮੁਤਾਬਕ ਹੈ, ਪਰ ਕਾਨੂੰਨ 'ਚ ਅਜਿਹੀ ਕੋਈ ਵਿਵਸਥਾ ਨਹੀਂ।" ਉਨ੍ਹਾਂ ਦੱਸਿਆ ਕਿ ਸਾਰੇ ਐੱਨ ਆਰ ਆਈ ਬੋਨਾਫਾਈਡ ਵਰਕਰ ਨਹੀਂ, ਉਨ੍ਹਾਂ ਨੂੰ ਬਿਜ਼ਨਸ ਇਨਕਮ ਤੋਂ ਇਲਾਵਾ ਐਗਜ਼ੀਕਿਊਟਿਵ ਪੁਜ਼ੀਸ਼ਨ ਜਾਂ ਫਾਰੇਨ ਜੇ ਵੀ ਦਾ ਪ੍ਰੋਮੋਟਰ ਹੋਣ ਨਾਤੇ ਆਮਦਨ ਹੋਣੀ ਹੈ। ਆਬਜ਼ੈਕਟਿਵ ਟੈਸਟ ਬਿਨਾਂ ਬੋਨਾਫਾਈਡ ਸ਼ਬਦ ਮੁਸ਼ਕਲ ਪੈਦਾ ਕਰ ਸਕਦਾ ਹੈ।

# ਬਰਾਤੀਆਂ ਨਾਲ ਭਰੀ ਗੱਡੀ ਸੜਕ ਉੱਤੇ ਖੜ੍ਹੇ ਟਰੱਕ ਨਾਲ ਵੱਜੀ, ਛੇ ਮੌਤਾਂ



ਨਾਰਨੌਂਦ (ਹਿਸਾਰ), 18 ਫਰਵਰੀ (ਪੋਸਟ ਬਿਊਰੋ)- ਬਰਾਤੀਆਂ ਨਾਲ ਭਰੀ ਈਕੋ ਗੱਡੀ ਸੜਕ ਕਿਨਾਰੇ ਖੜ੍ਹੇ ਟਰੱਕ ਨਾਲ ਟਕਰਾ ਗਈ। ਇਸ ਟੱਕਰ ਕਾਰਨ ਗੱਡੀ ਸਵਾਰ ਛੇ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ। ਹਿਸਾਰ ਦੇ ਪਿੰਡ ਚੂਲੀ ਖੁਰਦ ਨਾਲ ਨਾਰਨੌਂਦ ਦੇ ਮਿਲਕਪੁਰ ਵਿੱਚ ਐਤਵਾਰ ਨੂੰ ਬਰਾਤ ਆਈ ਸੀ। 11 ਬਰਾਤੀ ਰਾਤ ਨੂੰ ਮਿਲਕਪੁਰ ਵਿੱਚ ਰੁਕ ਗਏ। ਕੱਲ੍ਹ ਸਵੇਰੇ ਉਹ ਮਿਲਕਪੁਰ ਦੇ ਦਿਨੇਸ਼ ਉਰਫ ਸੰਨੀ ਦੀ ਈਕੋ ਗੱਡੀ ਕਿਰਾਏ 'ਤੇ ਕਰ ਕੇ ਚੂਲੀ ਖੁਰਦ ਲਈ ਨਿਕਲੇ। ਨਾਰਨੌਂਦ-ਉਚਾਨਾ ਮਾਰਗ 'ਤੇ ਸਵੇਰੇ ਰਾਖੀ ਗੜ੍ਹੀ ਦੇ ਨੇੜੇ ਗੱਡੀ ਸੜਕ ਕਿਨਾਰੇ ਖੜ੍ਹੇ ਟਰੱਕ ਵਿੱਚ ਜਾ ਵੱਜੀ। ਹਾਦਸੇ ਵਿੱਚ ਚਾਲਕ ਮਿਲਕਪੁਰ ਵਾਸੀ ਦਿਨੇਸ਼ (34), ਰਾਜਸਥਾਨ ਦੇ ਹਨੂਮਾਨਗੜ੍ਹ ਜ਼ਿਲੇ ਦੇ ਪਿੰਡ ਸਿਲਵਾੜਾ ਕਲਾਂ ਵਾਸੀ ਓਮ ਪ੍ਰਕਾਸ਼ (49), ਸੋਹਣ ਲਾਲ (65), ਸਚਿਨ (19), ਕੁਲਦੀਪ (28) ਅਤੇ ਤਲਵਾੜਾ ਵਾਸੀ ਭੁਪਿੰਦਰ (33) ਦੀ ਮੌਕੇ 'ਤੇ ਮੌਤ ਹੋ ਗਈ। ਸਿਲਵਾੜਾ ਵਾਸੀ ਰੋਹਤਾਸ਼, ਸ਼ਰਵਣ, ਕੁਲਦੀਪ, ਅਭਿਸ਼ੇਕ, ਵਿਕਰਮ ਅਤੇ ਸਿਰਸਾ ਜ਼ਿਲੇ ਦੇ ਪਿੰਡ ਗਿਨਧੜ ਵਾਸੀ ਜਤਿਨ ਗੰਭੀਰ ਜ਼ਖਮੀ ਹੋ ਗਏ। ਇਹ ਸਾਰੇ ਰਾਜਸਥਾਨ ਦੇ ਹਨੂਮਾਨਗੜ੍ਹ ਤੋਂ ਚੂਲੀ ਕਲਾਂ ਵਿੱਚ ਲੜਕੇ ਦਾ ਭਾਤ ਭਰਨ ਆਏ ਸਨ। ਹਾਦਸੇ ਦੀ ਸੂਚਨਾ 'ਤੇ ਪੁਲਸ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਤੇ ਗੱਡੀ ਵਿੱਚ ਫਸੇ ਮ੍ਰਿਤਕਾਂ ਅਤੇ ਜ਼ਖਮੀਆਂ ਨੂੰ ਐਂਬੂਲੈਂਸ ਵਿੱਚ ਨਾਰਨੌਂਦ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ। ਉਥੋਂ ਹਿਸਾਰ ਰੈਫਰ ਕਰ ਦਿੱਤਾ ਗਿਆ।

## ਸੀ ਏ ਏ ਦੇ ਖ਼ਿਲਾਫ਼ ਪ੍ਰਦਰਸ਼ਨ ਕਰਤਿਆਂ ਨੂੰ ਰਿਕਵਰੀ ਨੋਟਿਸ 'ਤੇ ਕੋਰਟ ਵੱਲੋਂ ਰੋਕ




ਪ੍ਰਯਾਗਰਾਜ, 18 ਫਰਵਰੀ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ ਨਵੇਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਦੇ ਦੌਰਾਨ ਜਨਤਕ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਲਈ ਕਾਨਪੁਰ ਦੇ ਮੁਹੰਮਦ ਫੈਜਾਨ ਨੂੰ ਏ ਡੀ ਐਮ ਸਿਟੀ ਵੱਲੋਂ 4 ਜਨਵਰੀ ਨੂੰ ਭੇਜੇ ਨੋਟਿਸ 'ਤੇ ਰੋਕ ਲਾ ਦਿੱਤੀ ਹੈ।

ਇਸ ਸੰਬੰਧ ਵਿੱਚ ਇਲਾਹਾਬਾਦ ਹਾਈ ਕੋਰਟ ਦੀ ਡਵੀਜ਼ਨ ਬੈਂਚ ਨੇ ਕਿਹਾ ਕਿ ਇਹ ਨੋਟਿਸ ਸੁਪਰੀਮ ਕੋਰਟ ਵਿੱਚ ਚੱਲਦੇ ਦੋ ਕੇਸਾਂ ਵਿੱਚ ਦਿੱਤੇ ਗਏ ਅੰਤਰਿਮ ਆਦੇਸ਼ ਦੇ ਮੁਤਾਬਕ ਨਹੀਂ ਹੈ, ਕਿਉਂਕਿ ਇਹ ਨੋਟਿਸ ਰਾਜ ਸਰਕਾਰ ਵੱਲੋਂ ਬਣਾਏ ਨਿਯਮਾਂ ਉੱਤੇ ਅਮਲ ਲਈ ਐਡੀਸ਼ਨਲ ਜ਼ਿਲਾ ਮੈਜਿਸਟਰੇਟ (ਏ ਡੀ ਐਮ) ਨੇ ਜਾਰੀ ਕੀਤਾ ਹੈ ਜਦ ਕਿ ਏ ਡੀ ਐਮ ਨੂੰ ਇਸ ਤਰ੍ਹਾਂ ਦਾ ਨੋਟਿਸ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ। ਹਾਈ ਕੋਰਟ ਨੇ ਇਸ ਕੇਸ ਵਿੱਚ ਵਿਵਸਥਾ ਦਿੱਤੀ ਹੈ ਕਿ ਜਨਤਕ ਜਾਇਦਾਦ ਦੇ ਨੁਕਸਾਨ ਦਾ ਲੇਖਾ ਜੋੜਨ ਦੇ ਅਧਿਕਾਰ ਦੀ ਵਰਤੋਂ ਹਾਈ ਕੋਰਟ ਦੇ ਮੌਜੂਦਾ ਜਾ ਸਾਬਕਾ ਜੱਜ ਜਾ ਜ਼ਿਲ੍ਹਾ ਜੱਜ ਵੱਲੋਂ ਕੀਤਾ ਜਾਣੀ ਚਾਹੀਦੀ ਹੈ। ਇਸ ਲਈ ਇਨ੍ਹਾਂ ਰਿਕਵਰੀ ਨੋਟਿਸਾਂ 'ਤੇ ਰੋਕ ਲਾਈ ਜਾਂਦੀ ਹੈ। ਅਦਾਲਤ ਨੇ ਕਿਹਾ ਕਿ ਇਨ੍ਹਾਂ ਦੋ ਕੇਸਾਂ ਦੀ ਅਗਲੀ ਸੁਣਵਾਈ 20 ਅਪ੍ਰੈਲ ਤੋਂ ਬਾਅਦ ਕੀਤੀ ਜਾਵੇਗੀ।

## ਮੋਹਣ ਭਾਗਵਤ ਦੇ ਬਿਆਨ ਉੱਤੇ ਸੋਨਮ ਕਪੂਰ ਭੜਕ ਪਈ

* ਕਿਹੜਾ ਸਮਝਦਾਰ ਬੰਦਾ ਏਦਾਂ ਦੀ ਗੱਲ ਕਰਦੈ?: ਸੋਨਮ



ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਅਦਾਕਾਰਾ ਸੋਨਮ ਕਪੂਰ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਵੱਲੋਂ ਤਲਾਕ ਬਾਰੇ ਕੀਤੀਆਂ ਟਿੱਪਣੀਆਂ ਨੂੰ ਪਿੱਛਾਂਹ ਖਿੱਚੂ ਕਰਾਰ ਦਿੱਤਾ ਹੈ।

ਇੱਕ ਤਿੱਖਾ ਟਵੀਟ ਕਰਦਿਆਂ ਸੋਨਮ ਨੇ ਕਿਹਾ ਕਿ 'ਕਿਹੜਾ ਸਮਝਦਾਰ ਵਿਅਕਤੀ ਇਸ ਤਰ੍ਹਾਂ ਦੀ ਗੱਲ ਕਰਦਾ ਹੈ? ਪਿਛਾਂਹ ਖਿਚੂ ਮੂਰਖ਼ਾਨਾ ਟਿੱਪਣੀਆਂ।' ਆਰ ਐਸ ਐਸ ਦੇ ਮੁਖੀ ਦੀਆਂ ਟਿੱਪਣੀਆਂ 'ਤੇ ਸੋਨਮ ਦੇ ਟਵੀਟ ਤੋਂ ਬਾਅਦ ਵਿਵਾਦ ਭਖ਼ ਗਿਆ ਹੈ। ਵਰਨਣ ਯੋਗ ਹੈ ਕਿ ਮੋਹਨ ਭਾਗਵਤ ਨੇ ਕੱਲ੍ਹ ਕਿਹਾ ਸੀ ਕਿ ਤਲਾਕ ਦੇ ਜ਼ਿਆਦਾਤਰ ਕੇਸ ਪੜ੍ਹੇ-ਲਿਖੇ ਤੇ ਰੱਜੇ-ਪੁੱਜੇ ਪਰਵਾਰਾਂ ਵਿੱਚ ਹੁੰਦੇ ਹਨ। ਉਨ੍ਹਾਂ ਕਿਹਾ ਸੀ ਕਿ ਸਿੱਖਿਅਤ ਹੋਣ ਤੇ ਪੈਸੇ ਨਾਲ ਹੰਕਾਰ ਆਉਂਦਾ ਹੈ ਜੋ ਪਰਵਾਰਾਂ ਨੂੰ ਤਬਾਹ ਕਰ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ 'ਭਾਰਤ ਵਿੱਚ ਹਿੰਦੂ ਸੁਸਾਇਟੀ ਦਾ ਕੋਈ ਬਦਲ ਨਹੀਂ ਹੈ ਤੇ ਹਿੰਦੂ ਸੁਸਾਇਟੀ ਨੂੰ ਪਰਵਾਰ ਵਾਂਗ ਵਿਹਾਰ ਕਰਨਾ ਚਾਹੀਦਾ ਹੈ।' ਮੋਹਨ ਭਾਗਵਤ ਨੇ ਕਿਹਾ ਸੀ ਕਿ ਲੋਕ ਨਿੱਕੀਆਂ ਗੱਲਾਂ 'ਤੇ ਲੜ ਰਹੇ ਹਨ ਤੇ ਤਲਾਕ ਵੱਧ ਰਹੇ ਹਨ। ਸੋਨਮ ਕਪੂਰ ਦੇ ਟਵੀਟ 'ਤੇ ਰਲੀ-ਮਿਲੀ ਪ੍ਰਤੀਕਿਰਿਆ ਆਈ ਹੈ। ਕਾਂਗਰਸ ਨੇ ਕਿਹਾ ਹੈ ਕਿ ਮੋਹਨ ਭਾਗਵਤ ਦੀਆਂ ਟਿੱਪਣੀਆਂ 'ਚੋਂ ਹੰਕਾਰ ਝਲਕਦਾ ਹੈ। ਇਸ ਪਾਰਟੀ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਆਰ ਐਸ ਐਸ ਮੁਖੀ ਦਾ ਬਿਆਨ ਮੰਦਭਾਗਾ ਹੈ ਤੇ ਇਸ ਦੀ ਨਿਖੇਧੀ ਕਰਨੀ ਬਣਦੀ ਹੈ।

## ਝਾਰਖੰਡ ਵਿੱਚ ਬਾਬੂਲਾਲ ਮਰਾਂਡੀ ਦੀ ਭਾਜਪਾ 'ਚ ਵਾਪਸੀ



ਰਾਂਚੀ, 18 ਫਰਵਰੀ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ ਵਿੱਚ ਕੱਲ੍ਹ ਸਾਬਕਾ ਮੁੱਖ ਮੰਤਰੀ ਤੇ ਝਾਰਖੰਡ ਵਿਕਾਸ ਮੋਰਚਾ (ਪ੍ਰਜਾਤੰਤਰਿਕ) ਦੇ ਪ੍ਰਧਾਨ ਬਾਬੂਲਾਲ ਮਰਾਂਡੀ ਦੀ ਭਾਜਪਾ 'ਚ ਵਾਪਸੀ ਹੋ ਗਈ। ਇਸ ਮੌਕੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਭਾਜਪਾ ਝਾਰਖੰਡ ਵਿੱਚ ਚੋਣਾਂ ਹਾਰੀ ਹੈ ਅਤੇ ਉਹ ਲੋਕ ਫ਼ਤਵੇ ਦਾ ਸਨਮਾਨ ਕਰਦੇ ਹਨ। ਵਿਰੋਧੀ ਧਿਰ ਵਜੋਂ ਪਾਰਟੀ ਉਸਾਰੂ ਭੂਮਿਕਾ ਸੱਤਾ ਲਈ ਨਹੀਂ, ਮੁਲਕ ਨੂੰ ਅੱਗੇ ਲਿਜਾਣ ਲਈ ਕੰਮ ਕਰਦੀ ਹੈ। ਸ਼ਾਹ ਨੇ ਕਿਹਾ ਕਿ ਰਘੂਬਰ ਦਾਸ ਸਰਕਾਰ ਨੇ ਨਰਿੰਦਰ ਮੋਦੀ ਸਰਕਾਰ ਦੀ ਹਰ ਯੋਜਨਾ ਸੂਬੇ ਵਿੱਚ ਲਾਗੂ ਕੀਤੀ ਸੀ, ਚਾਹੇ ਉਹ ਬਿਜਲੀ ਬਾਰੇ ਹੋਵੇ ਜਾਂ ਟਾਇਲੇਟਸ ਜਾਂ ਗੈਸ ਸਿਲੰਡਰਾਂ ਨਾਲ ਜੁੜੀਆਂ ਸਕੀਮਾਂ ਹੋਣ। ਅਮਿਤ ਸ਼ਾਹ ਨੇ ਇਸ ਮੌਕੇ ਰਾਮ ਮੰਦਰ ਦੀ ਉਸਾਰੀ, ਧਾਰਾ 370 ਹਟਾਉਣ ਦਾ ਵੀ ਜ਼ਿਕਰ ਕੀਤਾ। ਮਰਾਂਡੀ ਦੀ ਵਾਪਸੀ 'ਤੇ ਸ਼ਾਹ ਨੇ ਕਿਹਾ ਕਿ ਉਹ ਸਾਬਕਾ ਮੁੱਖ ਮੰਤਰੀ ਨੂੰ ਪਾਰਟੀ ਵਿੱਚ ਵਾਪਸ ਲਿਆਉਣ ਲਈ 2014 ਤੋਂ ਜ਼ੋਰ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਮਰਾਂਡੀ ਤੇ ਹੋਰਾਂ ਨੂੰ ਪਾਰਟੀ ਵਿੱਚ ਪੂਰਾ ਸਨਮਾਨ ਮਿਲੇਗਾ। ਵਿਧਾਨ ਸਭਾ ਚੋਣਾਂ ਵਿੱਚ ਹਾਰ ਮਗਰੋਂ ਝਾਰਖੰਡ ਵਿਕਾਸ ਮੋਰਚਾ ਦੇ ਭਾਜਪਾ ਵਿੱਚ ਰਲਣ ਨਾਲ ਪਾਰਟੀ ਨੂੰ ਰਾਹਤ ਮਿਲੀ ਹੈ। ਮਰਾਂਡੀ ਦਾ ਆਦਿਵਾਸੀਆਂ ਵਿੱਚ ਕਾਫ਼ੀ ਪ੍ਰਭਾਵ ਹੈ ਤੇ ਉਹ ਝਾਰਖੰਡ ਦੇ ਪਹਿਲੇ ਮੁੱਖ ਮੰਤਰੀ ਰਹਿ ਚੁੱਕੇ ਹਨ। 'ਨਿੱਜੀ ਤੇ ਜਥੇਬੰਦਕ' ਕਾਰਨਾਂ ਕਰਕੇ ਉਨ੍ਹਾਂ 2006 ਵਿੱਚ ਭਾਜਪਾ ਛੱਡ ਦਿੱਤੀ ਸੀ।

## ਭਾਰਤ ਦੁਨੀਆ ਦੀ ਪੰਜਵੀਂ ਵੱਡੀ ਅਰਥ ਵਿਵਸਥਾ ਬਣਿਆ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਵਾਲਾ ਦੇਸ਼ ਬਣ ਗਿਆ ਹੈ। ਉਸ ਨੇ 2019 ਵਿੱਚ ਬ੍ਰਿਟੇਨ ਅਤੇ ਫ੍ਰਾਂਸ ਨੂੰ ਪਿੱਛੇ ਛੱਡ ਦਿੱਤਾ।

ਅਮਰੀਕਾ ਦੇ ਖੋਜ ਸੰਸਥਾਨ ਵਲਰਡ ਪਾਪੂਲੇਸ਼ਨ ਰਿਵੀਊ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਆਤਮ ਨਿਰਭਰ ਬਣਨ ਦੀ ਪਹਿਲੀ ਨੀਤੀ ਨਾਲ ਭਾਰਤ ਅੱਗੇ ਵੱਧਦੇ ਹੋਏ ਇੱਕ ਖੁੱਲ੍ਹੀ ਬਾਜ਼ਾਰ ਵਾਲੀ ਅਰਥ ਵਿਵਸਥਾ ਵਜੋਂ ਵਿਕਸਿਤ ਹੋ ਰਿਹਾ ਹੈ। ਇਸ ਰਿਪੋਰਟ ਅਨੁਸਾਰ "ਸਮੁੱਚੇ ਘਰੇਲੂ ਉਤਪਾਦ (ਜੀ ਡੀ ਪੀ) ਦੇ ਪੱਖ ਤੋਂ ਭਾਰਤ 2940 ਅਰਬ ਡਾਲਰ ਦੇ ਨਾਲ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਵਾਲਾ ਦੇਸ਼ ਬਣ ਗਿਆ ਹੈ। ਇਸ ਮਾਮਲੇ ਵਿੱਚ ਉਸਨੇ 2019 ਵਿੱਚ ਬ੍ਰਿਟੇਨ ਅਤੇ ਫ੍ਰਾਂਸ ਨੂੰ ਪਿੱਛੇ ਛੱਡ ਦਿੱਤਾ।" ਬ੍ਰਿਟੇਨ ਦੀ ਅਰਥ ਵਿਵਸਥਾ ਦਾ ਆਕਾਰ 2830 ਅਰਬ ਡਾਲਰ ਹੈ ਜਦ ਕਿ ਫ੍ਰਾਂਸ ਦਾ 2710 ਅਰਬ ਡਾਲਰ ਹੈ। ਖਰੀਦ ਸ਼ਕਤੀ ਸਮਰੱਥਾਂ (ਪੀ ਪੀ ਪੀ) ਦੇ ਆਧਾਰ ਉਤੇ ਭਾਰਤ ਦੀ ਜੀ ਡੀ ਪੀ 10,510 ਅਰਬ ਡਾਲਰ ਹੈ ਅਤੇ ਇਹ ਜਾਪਾਨ ਅਤੇ ਜਰਮਨੀ ਤੋਂ ਅੱਗੇ ਹਨ। ਭਾਰਤ ਵਿੱਚ ਵੱਧ ਆਬਾਦੀ ਕਾਰਨ ਪ੍ਰਤੀ ਵਿਅਕਤੀ ਜੀ ਡੀ ਪੀ 2170 ਡਾਲਰ ਹੈ। ਇਹ ਅਮਰੀਕਾ ਵਿੱਚ ਪ੍ਰਤੀ ਵਿਅਕਤੀ 62,794 ਡਾਲਰ ਬਣਦੀ ਹੈ। ਭਾਰਤ ਦੀ ਅਸਲ ਜੀ ਡੀ ਪੀ ਵਿਰਧੀ ਦਰ ਲਗਾਤਾਰ ਤੀਸਰੀ ਤਿਮਾਹੀ ਵਿੱਚ ਕਮਜ਼ੋਰ ਰਹਿ ਕੇ ਇਹ 7.5 ਪ੍ਰਤੀਸ਼ਤ ਨਾਲ ਘਟੱ ਕੇ ਪੰਜ ਪ੍ਰਤੀਸ਼ਤ 'ਤੇ ਆ ਸਕਦੀ ਹੈ।

## ਸਬਰੀਮਾਲਾ ਮਾਮਲੇ ਵਿਚ ਧਾਰਮਿਕ ਚੜ੍ਹਾਵਾ ਵੀ ਕਾਨੂੰਨ ਦੇ ਘੇਰੇ ਵਿੱਚ ਆ ਸਕਦੈ



ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਨੌਂ ਮੈਂਬਰੀ ਬੈਂਚ ਨੇ ਟਿੱਪਣੀ ਕੀਤੀ ਹੈ ਕਿ ਧਾਰਮਿਕ ਥਾਵਾਂ 'ਤੇ ਚੜ੍ਹਾਵਾ ਚੜ੍ਹਾਉਣਾ ਧਾਰਮਿਕ ਰਵਾਇਤ ਹੋ ਸਕਦੀ ਹੈ, ਪਰ ਜੇ ਇਸ ਪੈਸੇ ਦੀ ਵਰਤੋਂ ਅੱਤਵਾਦ ਜਾਂ ਕੈਸੀਨੋ ਚਲਾਉਣ ਲਈ ਕੀਤੀ ਜਾਂਦੀ ਹੈ ਤਾਂ ਇਸ ਰਕਮ ਨੂੰ ਕਾਨੂੰਨ ਜ਼ਰੀਏ ਕੰਟਰੋਲ ਕੀਤਾ ਜਾ ਸਕਦਾ ਹੈ।

ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਮਨੁੱਖੀ ਬਲੀ ਦੇਣਾ ਅਤੇ ਸਤੀ ਜਿਹੀਆਂ ਪੁਰਾਣੀਆਂ ਰਵਾਇਤਾਂ ਇਸ ਵਕਤ ਦੇ ਕਾਨੂੰਨ ਹੇਠ ਹੱਤਿਆ ਹਨ ਤੇ ਜ਼ਰੂਰੀ ਧਾਰਮਿਕ ਰਵਾਇਤ ਦੇ ਆਧਾਰ 'ਤੇ ਇਸ ਨੂੰ ਬਚਾਇਆ ਨਹੀਂ ਜਾ ਸਕਦਾ। ਚੀਫ ਜਸਟਿਸ ਐੱਸ ਏ ਬੋਬੜੇ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਧਾਰਮਿਕ ਆਜ਼ਾਦੀ ਦੇ ਨਾਲ ਸੰਬੰਧਤ ਮੁੱਦਿਆਂ ਦੇ ਨਾਲ ਵੱਖ-ਵੱਖ ਧਾਰਮਿਕ ਪੰਥਾਂ ਦੀਆਂ ਜ਼ਰੂਰੀ ਧਾਰਮਿਕ ਰਵਾਇਤਾਂ ਦੀ ਨਿਆਇਕ ਸਮੀਖਿਆ ਬਾਰੇ ਕੱਲ੍ਹ ਸੁਣਵਾਈ ਸ਼ੁਰੂ ਕੀਤੀ। ਬੈਂਚ ਇਸ ਮੁੱਦੇ 'ਤੇ ਵੀ ਵਿਚਾਰ ਕਰ ਰਿਹਾ ਹੈ ਕਿ ਕੀ ਕੋਈ ਵਿਅਕਤੀ ਕਿਸੇ ਧਰਮ ਜਾਂ ਸ਼ਰਧਾ ਵਿਸ਼ੇਸ਼ ਨਾਲ ਸੰਬੰਧਤ ਨਾ ਹੋਣ ਉਤੇ ਵੀ ਉਸ ਧਰਮ ਦੀਆਂ ਧਾਰਮਿਕ ਰਵਾਇਤਾਂ 'ਤੇ ਸਵਾਲ ਚੁੱਕ ਕੇ ਜਨਹਿਤ ਪਟੀਸ਼ਨ ਦਾਖਲ ਕਰ ਸਕਦਾ ਹੈ। ਇਹ ਸਵਾਲ ਸਬਰੀਮਾਲਾ ਕੇਸ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਨਾਲ ਉਠੇ ਹਨ। ਸੰਵਿਧਾਨ ਬੈਂਚ ਧਾਰਮਿਕ ਮਾਮਲਿਆਂ ਵਿੱਚ ਜੁਡੀਸ਼ਲ ਅਧਿਕਾਰ ਦੇ ਬਾਰੇ ਵੀ ਵਿਚਾਰ ਕਰ ਰਿਹਾ ਹੈ ਅਤੇ ਉਸ ਨੇ ਇਸ ਦੌਰਾਨ ਮੰਦਰਾਂ ਵਿੱਚ ਆਉਂਦੇ ਚੜ੍ਹਾਵੇ ਜਾਂ ਦਾਨ ਦੇਣ ਦੀ ਰਵਾਇਤ ਦੀ ਮਿਸਾਲ ਦੇ ਕੇ ਕਿਹਾ ਕਿ ਇਹ ਧਾਰਮਿਕ ਰਵਾਇਤ ਦਾ ਹਿੱਸਾ ਹੈ। ਬੈਂਚ ਨੇ ਨਾਲ ਹੀ ਕਿਹਾ ਕਿ ਜੇ ਇਸ ਧਨ ਦੀ ਵਰਤੋਂ ਅੱਤਵਾਦ ਜਾਂ ਕੈਸੀਨੋ ਚਲਾਉਣ ਲਈ ਹੁੰਦੀ ਹੈ ਤਾਂ ਇਸ ਨੂੰ ਕਾਨੂੰਨ ਦੁਆਰਾ ਨੇਮਬੱਧ ਕੀਤਾ ਜਾ ਸਕਦਾ ਹੈ। ਬੈਂਚ ਨੇ ਇਹੋ ਵੀ ਕਿਹਾ ਕਿ ਕਿਸੇ ਧਾਰਮਿਕ ਟਰੱਸਟ ਦੀਆਂ ਦਾਨ, ਸਫਾਈ ਅਤੇ ਸਿਹਤ ਨਾਲ ਸੰਬੰਧਤ ਗਤੀਵਿਧੀਆਂ ਨੂੰ ਵੀ ਕਾਨੂੰਨ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ।




# ਗੋਰਖਾ ਫੌਜੀ ਭਰਤੀ ਸਮਝੌਤੇ ਦੀ ਨੇਪਾਲ ਸਮੀਖਿਆ ਚਾਹੁੰਦੈ

ਕਾਠਮੰਡੂ, 18 ਫਰਵਰੀ (ਪੋਸਟ ਬਿਊਰੋ)- ਨੇਪਾਲ ਨੇ ਬ੍ਰਿਟੇਨ ਨੂੰ ਗੋਰਖਾ ਫੌਜੀਆਂ ਦੀ ਭਰਤੀ ਤੇ ਉਨ੍ਹਾਂ ਦੇ ਤਨਖਾਹ ਭੱਤੇ ਆਦਿ ਤੈਅ ਕਰਨ ਵਾਲੇ 73 ਸਾਲ ਪੁਰਾਣੇ ਉਸ ਤ੍ਰੈਪੱਖੀ ਸਮਝੌਤੇ ਦੀ ਸਮੀਖਿਆ ਕਰ ਕੇ ਦੋ-ਪੱਖੀ ਕਰਨ ਦੀ ਅਪੀਲ ਕੀਤੀ ਹੈ, ਜਿਹੜਾ ਉਸ ਦਾ ਭਾਰਤ ਨਾਲ ਹੋਇਆ ਸੀ।

ਕਾਠਮੰਡੂ ਪੋਸਟ ਦੀ ਰਿਪੋਰਟ ਅਨੁਸਾਰ ਭਾਰਤ ਦੀ ਆਜ਼ਾਦੀ ਸਮੇਂ ਨੇਪਾਲ, ਭਾਰਤ ਅਤੇ ਬ੍ਰਿਟੇਨ ਵਿਚਾਲੇ ਗੋਰਖਾ ਫੌਜੀਆਂ ਦੀ ਭਰਤੀ ਦਾ ਇੱਕ ਸਮਝੌਤਾ ਹੋਇਆ ਸੀ। ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਬੀਤੀ 12 ਫਰਵਰੀ ਨੂੰ ਬ੍ਰਿਟਿਸ਼ ਸਰਕਾਰ ਨੂੰ ਇੱਕ ਪੱਤਰ ਭੇਜ ਕੇ ਇਸ ਦੀ ਸਮੀਖਿਆ ਦੀ ਅਪੀਲ ਕੀਤੀ ਹੈ। ਨੇਪਾਲ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਜੂਨ ਵਿੱਚ ਬ੍ਰਿਟੇਨ ਦੀ ਯਾਤਰਾ ਦੌਰਾਨ ਓਦੋਂ ਦੀ ਬ੍ਰਿਟਿਸ਼ ਪ੍ਰਧਾਨ ਮੰਤਰੀ ਟੈਰੇਸਾ ਮੇ ਦੇ ਸਾਹਮਣੇ ਇਹ ਮੁੱਦਾ ਉਠਾਇਆ ਸੀ। ਨੇਪਾਲ ਦੇ ਵਿਦੇਸ਼ ਮੰਤਰੀ ਪ੍ਰਧੀਪ ਗਯਾਵਲੀ ਨੇ ਪ੍ਰਧਾਨ ਮੰਤਰੀ ਓਲੀ ਅਤੇ ਟੈਰੇਸਾ ਮੇ ਦੀ ਮੁਲਾਕਾਤ ਪਿੱਛੋਂ ਕਿਹਾ ਸੀ ਕਿ ਇਹ ਮਾਮਲਾ ਜਦ ਬ੍ਰਿਟਿਸ਼ ਪ੍ਰਧਾਨ ਮੰਤਰੀ ਦੇ ਸਾਹਮਣੇ ਉਠਾਇਆ ਗਿਆ ਤਾਂ ਉਨ੍ਹਾਂ ਦਾ ਰੁਖ਼ ਬੜਾ ਸੁਖਾਵਾਂ ਸੀ। ਇਸ ਸੰਬੰਧ ਵਿੱਚ ਨੇਪਾਲੀ ਪ੍ਰਧਾਨ ਮੰਤਰੀ ਦਫਤਰ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਨੇਪਾਲ ਸਰਕਾਰ ਵੱਖ-ਵੱਖ ਦੇਸ਼ਾਂ ਨਾਲ ਉਨ੍ਹਾਂ ਸਾਰੀਆਂ ਸੰਧੀਆਂ ਅਤੇ ਸਮਝੌਤਿਆਂ ਦੀ ਸਮੀਖਿਆ ਕਰ ਰਹੀ ਹੈ, ਜੋ ਪੱਖਪਾਤ ਪੂਰਨ ਹਨ। ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਇਨ੍ਹਾਂ ਵਿੱਚ ਫੇਰਬਦਲ ਕੀਤਾ ਜਾਏਗਾ।

ਵਰਣਨ ਯੋਗ ਹੈ ਕਿ ਤਿੰਨ ਦੇਸ਼ਾਂ ਵਿੱਚ ਹੋਈ ਇਸ ਸਮਝੌਤੇ ਦੇ ਅਨੁਸਾਰ ਬ੍ਰਿਟੇਨ ਅਤੇ ਭਾਰਤ ਦੀ ਫੌਜ ਵਿੱਚ ਕੰਮ ਕਰਨ ਵਾਲੇ ਗੋਰਖਾ ਫੌਜੀਆਂ ਨੂੰ ਦੋਵਾਂ ਦੇਸ਼ਾਂ ਵਿੱਚ ਉਥੋਂ ਦੇ ਮੂਲ ਫੌਜੀਆਂ ਦੇ ਬਰਾਬਰ ਤਨਖਾਹ-ਪੈਨਸ਼ਨ ਮਿਲਣੀ ਸੀ। ਗੋਰਖਾ ਫੌਜੀਆਂ ਦੇ ਅਨੁਸਾਰ ਅਸਲੀਅਤ ਵਿੱਚ ਅਜਿਹਾ ਹੋਇਆ ਨਹੀਂ। ਬ੍ਰਿਟਿਸ਼ ਫੌਜੀਆਂ ਦੇ ਮੁਕਾ-ਬਲੇ ਉਨ੍ਹਾਂ ਨੂੰ ਘੱਟ ਤਨਖਾਹ ਮਿਲਦੀ ਰਹੀ। 2007 ਵਿਚ ਪੈਨਸ਼ਨ ਯੋਜਨਾ ਲਾਗੂ ਹੋਈ।

# ਇਮਰਾਨ ਨੂੰ ਸ਼ਰਨਾਰਥੀ ਸੰਕਟ ਖੜ੍ਹਾ ਹੋਣ ਦੇ ਹਾਲਾਤ ਤੋਂ ਚਿੰਤਾ



ਇਸਲਾਮਾਬਾਦ, 18 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ (ਸੀ ਸੀ ਏ) 'ਤੇ ਮਨ-ਮਰਜ਼ੀ ਦੀ ਬਿਆਨਬਾਜ਼ੀ ਕਰਨ ਵਾਲੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਨੂੰ ਆਪਣੇ ਦੇਸ਼ ਵਿੱਚ ਸ਼ਰਨਾਰਥੀ ਸੰਕਟ ਦਾ ਖਤਰਾ ਡਰਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਸਾਰ ਬਰਾਬਰੀ ਨੇ ਭਾਰਤ ਦੀ ਮੌਜੂਦਾ ਸਥਿਤੀ ਉੱਤੇ ਧਿਆਨ ਨਾ ਦਿੱਤਾ ਤਾਂ ਆਉਂਦੇ ਸਮੇਂ ਵਿੱਚ ਪਾਕਿਸਤਾਨੀ ਨੂੰ ਸ਼ਰਨਾਰਥੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸਲਾਮਾਬਾਦ 'ਚ ਹੋ ਰਹੇ ਸ਼ਰਨਾਰਥੀ ਸੰਮੇਲਨ 'ਚ ਇਮਰਾਨ ਨੇ ਕਿਹਾ ਕਿ ਪਾਕਿਸਤਾਨ ਬੀਤੇ 40 ਸਾਲਾਂ ਤੋਂ ਅਫ਼ਗਾਨਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਸੰਭਾਲ ਰਿਹਾ ਹੈ। ਜੇ ਭਾਰਤ ਸਰਕਾਰ ਦੀਆਂ ਅਤਿ ਰਾਸ਼ਟਰਵਾਦੀ ਨੀਤੀਆਂ 'ਤੇ ਧਿਆਨ ਨਾ ਦਿੱਤਾ ਗਿਆ ਅਤੇ ਉਨ੍ਹਾਂ 'ਤੇ ਰੋਕ ਨਾ ਲੱਗੀ ਤਾਂ ਖੇਤਰ ਵਿੱਚ ਮੁਸ਼ਕਲਾਂ ਪੈਦਾ ਹੋ ਜਾਣਗੀਆਂ। ਇਮਰਾਨ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਿਆਨ ਕਿ ਭਾਰਤ ਮਸਾਂ 11 ਦਿਨਾਂ ਵਿੱਚ ਪਾਕਿਸਤਾਨ ਨੂੰ ਤਬਾਹ ਕਰ ਸਕਦਾ ਹੈ, ਇਹ ਵੱਡੀ ਆਬਾਦੀ ਵਾਲੇ ਐਟਮੀ ਹਥਿਆਰਾਂ ਵਾਲੇ ਦੇਸ਼ ਦੇ ਮੁਖੀ ਦਾ ਜ਼ਿੰਮੇਵਾਰੀ ਵਾਲਾ ਬਿਆਨ ਨਹੀਂ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਇਹ ਗੱਲ ਯੂ ਐੱਨ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਦੀ ਮੌਜੂਦਗੀ ਵਿੱਚ ਕਹੀ ਜੋ ਅੱਜਕੱਲ੍ਹ ਪਾਕਿਸਤਾਨ ਦੇ ਦੌਰੇ 'ਤੇ ਹਨ ਅਤੇ ਇਸ ਪ੍ਰੋਗਰਾਮ ਵਿੱਚ ਮੌਜੂਦ ਸਨ।

ਇਮਰਾਨ ਖਾਨ ਨੇ ਕਿਹਾ ਕਿ ਭਾਰਤ ਵਿੱਚ ਮੌਜੂਦ ਹਿੰਦੂਤਵ ਦੀ ਵਿਚਾਰਧਾਰਾ ਕਾਰਨ ਕਸ਼ਮੀਰ ਵਿੱਚ ਲੋਕ 200 ਦਿਨਾਂ ਤੋਂ ਬੰਦੀ ਬਣੇ ਹੋਏ ਹਨ। ਇਸ ਵਿਚਾਰਧਾਰਾਂ ਉਤੇ ਚੱਲਦੇ ਹੋਏ ਭਾਜਪਾ ਲੀਡਰਸ਼ਿਪ ਵਾਲੀ ਸਰਕਾਰ ਨੇ ਵਿਤਕਰੇ ਵਾਲੇ ਦੋ ਕਾਨੂੰਨ ਅਜਿਹੇ ਬਣਾਏ ਹਨ ਜੋ 20 ਕਰੋੜ ਭਾਰਤੀ ਮੁਸਲਮਾਨਾਂ ਨੂੰ ਸਿੱਧਾ ਨਿਸ਼ਾਨਾ ਬਣਾਉਂਦੇ ਹਨ।

ਜ਼ਾਹਿਰ ਹੈ ਇਮਰਾਨ ਖਾਨ ਦਾ ਇਸ਼ਾਰਾ ਸੀ ਏ ਏ ਅਤੇ ਰਾਸ਼ਟਰੀ ਨਾਗਰਿਕਤਾ ਕਾਨੂੰਨ (ਐਨ ਆਰ ਸੀ) 'ਤੇ ਬਣੇ ਕਾਨੂੰਨਾਂ ਬਾਰੇ ਸੀ। ਪੰਜ ਅਗਸਤ 2019 ਨੂੰ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਏ ਜਾਣ ਪਿੱਛੋਂ ਇਮਰਾਨ ਖ਼ਾਨ ਭਾਰਤ ਖ਼ਿਲਾਫ਼ ਲਗਾਤਾਰ ਸਖ਼ਤ ਬਿਆਨਬਾਜ਼ੀ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਉਹ ਕਈ ਵਾਰ ਭਾਰਤ ਖ਼ਿਲਾਫ਼ ਬਿਆਨ ਦੇ ਚੁੱਕੇ ਹਨ ਹਾਲਾਂਕਿ ਧਾਰਾ 370 ਦੇ ਮੁੱਦੇ 'ਤੇ ਬਿਆਨ ਦੇ ਕੇ ਇਮਰਾਨ ਖ਼ਾਨ ਦੁਨੀਆ ਭਰ 'ਚ ਇਕੱਲੇ ਪੈ ਗਏ ਸਨ।

# ਮਸੂਦ ਅਜ਼ਹਰ ਦੇ ਲਾਪਤਾ ਹੋਣ 'ਤੇ ਹੁਸੈਨ ਨੇ ਪਾਕਿ ਨੂੰ ਘੇਰਿਆ



ਲੰਡਨ, 18 ਫਰਵਰੀ (ਪੋਸਟ ਬਿਊਰੋ)- ਮੁਤਹਿਦਾ ਕੌਮੀ ਮੂਵਮੈਂਟ (ਐਮ ਕਿਊ ਐਮ) ਦੇ ਬਾਨੀ ਅਲਤਾਫ ਹੁਸੈਨ ਨੇ ਕੌਮਾਂਤਰੀ ਅੱਤਵਾਦੀ ਮਸੂਦ ਅਜ਼ਹਰ ਦੇ ਲਾਪਤਾ ਹੋਣ ਬਾਰੇ ਪਾਕਿਸਤਾਨ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਇਮਰਾਨ ਸਰਕਾਰ ਦੀਆਂ ਪਾਬੰਦੀਸ਼ੁਦਾ ਜਮਾਤਾਂ ਖ਼ਿਲਾਫ਼ ਅਪਣਾਈ ਜਾਣ ਵਾਲੀ ਨੀਤੀ 'ਤੇ ਕਈ ਤਰ੍ਹਾਂ ਦੇ ਸਵਾਲ ਖੜ੍ਹਾ ਕਰਦੀਆਂ ਹਨ।

ਇੱਕ ਟਵੀਟ 'ਚ ਹੁਸੈਨ ਨੇ ਕਿਹਾ ਕਿ ਜੈਸ਼-ਏ-ਮੁਹੰਮਦ ਦੇ ਸਰਗਨਾ ਮਸੂਦ ਅਜ਼ਹਰ ਅਤੇ ਉਸ ਦੇ ਪਰਵਾਰ ਦੇ ਲਾਪਤਾ ਹੋਣ ਦੀਆਂ ਖ਼ਬਰਾਂ ਐਫ ਏ ਟੀ ਐਫ ਦੀ ਮੀਟਿੰਗ ਦੌਰਾਨ ਸਾਹਮਣੇ ਆਈਆਂ ਹਨ। ਇੱਕ ਹੋਰ ਟਵੀਟ 'ਚ ਹੁਸੈਨ ਨੇ ਯੂ ਐੱਨ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਦੀ ਪਾਕਿਸਤਾਨ ਯਾਤਰਾ ਬਾਰੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਪੁੱਛਿਆ ਕਿ ਕੀ ਯੂ ਐੱਨ ਦੇ ਮੁਖੀ ਆਪਣੀ ਚਾਰ ਰੋਜ਼ਾ ਪਾਕਿਸਤਾਨ ਯਾਤਰਾ ਦੌਰਾਨ ਸਿੰਧ, ਬਲੋਚਿਸਤਾਨ ਅਤੇ ਖ਼ੈਬਰ ਪਖਤੂਨਖਵਾ ਰਾਜਾਂ ਦਾ ਵੀ ਦੌਰਾ ਕਰਨਗੇ ਅਤੇ ਉਥੋਂ ਦੇ ਲੋਕਾਂ ਨਾਲ ਫ਼ੌਜ ਵੱਲੋਂ ਕੀਤੇ ਜਾਂਦੇ ਜ਼ੁਲਮ ਦੀਆਂ ਕਹਾਣੀਆਂ ਸੁਣਨਗੇ। ਵਰਨਣ ਯੋਗ ਹੈ ਕਿ ਹੁਸੈਨ ਇਸ ਵਕਤ ਲੰਡਨ ਵਿੱਚ ਨਜ਼ਰਬੰਦ ਹਨ ਪ੍ਰੰਤੂ ਉਹ ਰੋਜ਼ਾਨਾ ਟੀ ਵੀ ਅਤੇ ਟੈਲੀਫੋਨ ਰਾਹੀਂ ਆਪਣੇ ਸਮਰਥਕਾਂ ਨੂੰ ਸੰਬੋਧਕ ਕਰਦੇ ਹਨ। ਆਪਣੇ ਭਾਸ਼ਣਾਂ 'ਚ ਉਹ ਪਾਕਿਸਤਾਨੀ ਫ਼ੌਜ ਅਤੇ ਆਈ ਐਸ ਆਈ ਵੱਲੋਂ ਮੁਹਾਜਿਰਾਂ 'ਤੇ ਫ਼ੌਜ ਵੱਲੋਂ ਕੀਤੇ ਜਾ ਰਹੇ ਜ਼ੁਲਮ ਦੀ ਆਲੋਚਨਾ ਕਰਦੇ ਹਨ।

# ਇਮਰਾਨ ਦਾ ਦਾਅਵਾ ਇਸਲਾਮਾਬਾਦ ਵਿੱਚ ਕੋਈ ਅੱਤਵਾਦੀ ਪਨਾਹਗਾਹ ਨਹੀਂ ਰਹੀ



ਇਸਲਾਮਾਬਾਦ, 18 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਅੱਜਕੱਲ੍ਹ ਅੱਤਵਾਦੀ ਸੰਗਠਨਾਂ ਦੇ ਵਾਸਤੇ ਕੋਈ ਸੁਰੱਖਿਅਤ ਪਨਾਹਗਾਹ ਨਹੀਂ ਹੈ। ਇਹ ਗੱਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਹੀ ਹੈ।

ਇਮਰਾਨ ਖਾਨ ਨੇ ਇਹ ਬਿਆਨ ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਪੈਰਿਸ ਵਿੱਚ ਹੋਣ ਵਾਲੀ ਬੈਠਕ ਤੋਂ ਠੀਕ ਪਹਿਲਾਂ ਦਿੱਤਾ ਹੈ। ਇਸ ਸੰਗਠਨ ਨੇ ਅੱਤਵਾਦੀਆਂ ਨੂੰ ਧਨ ਦੇਣ ਕਾਰਨ ਪਾਕਿਸਤਾਨ ਨੂੰ ਗ੍ਰੇਅ ਲਿਸਟ ਵਿੱਚ ਪਾਇਆ ਹੈ। ਕੱਲ੍ਹ ਆਏ ਇਸ ਬਿਆਨ ਤੋਂ ਪਹਿਲਾਂ ਇਮਰਾਨ ਪਾਕਿਸਤਾਨ ਵਿੱਚ ਅੱਤਵਾਦੀ ਸੰਗਠਨਾਂ ਦੇ ਸਰਗਰਮ ਹੋਣ ਦੇ ਬਿਆਨ ਦੇ ਚੁੱਕੇ ਹਨ। ਭਾਰਤ, ਅਫਗਾਨਿਸਤਾਨ ਅਤੇ ਅਮਰੀਕਾ ਲੰਬੇ ਸਮੇਂ ਤੋਂ ਦੋਸ਼ ਲਾਉਂਦੇ ਰਹੇ ਹਨ ਕਿ ਪਾਕਿਸਤਾਨ ਅੱਤਵਾਦੀ ਸੰਗਠਨਾਂ ਨੂੰ ਸੁਰੱਖਿਅਤ ਸਥਾਨ ਅਤੇ ਆਰਥਿਕ ਮਦਦ ਦਿੰਦਾ ਹੈ। ਇਸ ਤਰ੍ਹਾਂ ਦੀ ਮਦਦ ਲੈਣ ਵਾਲਿਆਂ ਵਿੱਚ ਤਾਲਿਬਾਨ, ਹੱਕਾਨੀ ਨੈੱਟਵਰਕ, ਲਸ਼ਕਰ ਏ ਤੋਇਬਾ ਅਤੇ ਜੈਸ਼ ਏ ਮੁਹੰਮਦ ਵਰਗੇ ਖਤਰਨਾਕ ਅੱਤਵਾਦੀ ਸੰਗਠਨ ਹਨ। ਅਫਗਾਨਿਸਤਾਨ ਤੋਂ ਆਏ ਸ਼ਰਨਾਰਥੀਆਂ 'ਤੇ ਆਯੋਜਤ ਜਿਸ ਪ੍ਰੋਗਰਾਮ ਵਿੱਚ ਇਮਰਾਨ ਬੋਲ ਰਹੇ ਸਨ, ਉਸ ਵਿੱਚ ਯੂ ਐੱਨ ਜਨਰਲ ਸਕੱਤਰ ਐਂਟੋਨੀਓ ਗੁਤੇਰਸ ਵੀ ਸਨ। ਇਮਰਾਨ ਨੇ ਕਿਹਾ, ਪਹਿਲਾਂ ਕੀ ਸਥਿਤੀ ਸੀ, ਉਨ੍ਹਾਂ ਨੂੰ ਨਹੀਂ ਪਤਾ, ਪਰ ਅੱਜਕੱਲ੍ਹ ਉਹ ਅਫਗਾਨਿਸਤਾਨ ਵਿੱਚ ਸ਼ਾਂਤੀ ਚਾਹੁੰਦੇ ਹਨ। ਉਨ੍ਹਾਂ ਨੇ ਮੰਨਿਆ ਕਿ ਸੰਭਵ ਹੈ ਵਰਲਡ ਟ੍ਰੇਡ ਸੈਂਟਰ 'ਤੇ ਹੋਏ ਅੱਤਵਾਦੀ ਹਮਲੇ ਦੇ ਬਾਅਦ ਪਾਕਿਸਤਾਨ ਵਿੱਚ ਮੌਜੂਦ ਅਫਗਾਨ ਸ਼ਰਨਾਰਥੀਆਂ ਦੇ ਕੈਂਪਾਂ ਵਿੱਚ ਅੱਤਵਾਦੀ ਵੀ ਆ ਰਹੇ ਹੋਣਗੇ, ਪਰ ਅੱਜਕੱਲ੍ਹ ਹਾਲਾਤ ਬਦਲ ਗਏ ਹਨ।

# ਗੈਸ ਲੀਕ ਹੋਣ ਕਾਰਨ 14 ਵਿਅਕਤੀ ਮਰੇ

ਕਰਾਚੀ, 18 ਫਰਵਰੀ (ਪੋਸਟ ਬਿਊਰੋ)- ਇਥੇ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ 14 ਵਿਅਕਤੀ ਮਾਰੇ ਗਏ ਜਦੋਂ ਕਿ ਕਈ ਬਿਮਾਰ ਹੋ ਗਏ ਹਨ। ਇਸ ਬਾਰੇ ਪੁਲੀਸ ਨੇ ਅੱਜ ਜਾਣਕਾਰੀ ਦਿੱਤੀ। ਇਸ ਘਟਨਾ ਬਾਰੇ ਉਦੋਂ ਪਤਾ ਲੱਗਿਆ ਜਦੋਂ ਲੋਕਾਂ ਨੇ ਸਾਹ ਲੈਣ ਵਿੱਚ ਤਕਲੀਫ਼ ਮਗਰੋਂ ਨੇੜਲੇ ਹਸਪਤਾਲਾਂ ਵੱਲ ਭੱਜਣਾ ਸ਼ੁਰੂ ਕੀਤਾ। ਮਗਰੋਂ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। 'ਡਾਅਨ' ਅਖ਼ਬਾਰ ਦੀ ਰਿਪੋਰਟ ਮੁਤਾਬਕ, ਜ਼ਹਿਰੀਲੀ ਗੈਸ ਚੜ੍ਹਨ ਕਾਰਨ ਹੁਣ ਤੱਕ 14 ਵਿਅਕਤੀਆਂ ਦੀ ਜਾਨ ਜਾ ਚੁੱਕੀ ਹੈ। ਇਸ ਤੋਂ ਇਲਾਵਾ ਦਰਜਨਾਂ ਵਿਅਕਤੀ ਵੱਖ-ਵੱਖ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਹਨ। ਕਰਾਚੀ ਪੁਲੀਸ ਮੁਖੀ ਗੁਲਾਮ ਨਬੀ ਮੈਮਨ ਨੇ ਦੱਸਿਆ ਕਿ ਅਜੇ ਤਕ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਹਾਦਸੇ ਮਗਰੋਂ ਭੜਕੇ ਲੋਕਾਂ ਨੇ ਧਰਨਾ ਦਿੱਤਾ ਅਤੇ ਹਾਦਸੇ ਸਬੰਧੀ ਅਧਿਕਾਰੀਆਂ ਦੀ ਜਵਾਬਦੇਹੀ ਮੰਗੀ। ਇਸੇ ਦੌਰਾਨ ਕਰਾਚੀ ਦੇ ਕਮਿਸ਼ਨਰ ਇਫ਼ਤਿਖ਼ਾਰ ਸ਼ਲਵਾਨੀ ਨੇ ਦੱਸਿਆ ਕਿ ਜਹਾਜ਼ ਵਿੱਚੋਂ ਸੋਇਆਬੀਨ ਜਾਂ ਅਜਿਹੀ ਕੋਈ ਚੀਜ਼ ਲਾਹੇ ਜਾਣ ਦੌਰਾਨ ਕੋਈ ਜ਼ਹਿਰੀਲੀ ਗੈਸ ਲੀਕ ਹੋਈ ਹੈ, ਜੋ ਹਾਦਸੇ ਦਾ ਕਾਰਨ ਬਣੀ ਹੈ। ਸਿੰਧ ਸੂਬੇ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਨੇ ਕਰਾਚੀ ਪੁਲੀਸ ਕਮਿਸ਼ਨਰ ਤੋਂ ਹਾਦਸੇ ਸਬੰਧੀ ਰਿਪੋਰਟ ਮੰਗੀ ਹੈ।

# ਥਾਈਲੈਂਡ ਵਿੱਚ ਕਤਲ ਹੋਏ ਅੰਮ੍ਰਿਤਪਾਲ ਸਿੰਘ ਬਜਾਜ ਦਾ ਭਗੌੜਾ ਕਾਤਲ ਕਾਬੂ



*ਅੰਮ੍ਰਿਤਪਾਲ ਸਿੰਘ ਬਜਾਜ ਦੀ ਪਤਨੀ ਨਾਲ ਫਾਇਲ ਫੋਟੋ।*

ਲੰਡਨ, 18 ਫਰਵਰੀ (ਪੋਸਟ ਬਿਊਰੋ)- ਬੀਤੇ ਸਾਲ 21 ਅਗਸਤ ਨੂੰ ਰੋਜ਼ਰ ਬੁੱਲਮੈਨ ਨਾਂਅ ਦੇ ਸ਼ਰਾਬੀ ਨਾਰਵੇਜ਼ੀਅਨ ਨੇ ਥਾਈਲੈਂਡ ਦੇ ਹੋਟਲ ਸੇਂਟਾਰਾ ਗ੍ਰੈਂਡ 'ਚ ਸਾਊਥਾਲ ਦੇ ਸਿੱਖ ਨੌਜਵਾਨ 34 ਸਾਲਾ ਅੰਮ੍ਰਿਤਪਾਲ ਸਿੰਘ ਬਜਾਜ ਦਾ ਕਤਲ ਕਰ ਦਿੱਤਾ ਸੀ। ਮੌਕੇ 'ਤੇ ਪਹੁੰਚੀ ਪੁਲਸ ਨੇ ਰੋਜ਼ਰ ਬੁੱਲਮੈਨ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ, ਪਰ ਬਾਅਦ 'ਚ ਜ਼ਮਾਨਤ 'ਤੇ ਛੱਡਿਆ ਸੀ, ਜਿਸ ਦੌਰਾਨ ਉਹ ਭਗੌੜਾ ਹੋ ਗਿਆ ਅਤੇ ਉਸ ਦਾ ਖੁਰਾ ਖੋਜ ਨਹੀਂ ਸੀ ਮਿਲਦਾ।

ਥਾਈਲੈਂਡ ਦੇ ਜਾਂਚ ਅਧਿਕਾਰੀਆਂ ਇੰਟਰਪੋਲ ਦੀ ਮਦਦ ਨਾਲ ਵਿਸ਼ਵ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਤਾਂ ਇਸ ਤੋਂ ਬਾਅਦ ਨਾਰਵੇਜ਼ੀਅਨ ਟੀ ਵੀ ਦੀ ਰਿਪੋਰਟ ਅਨੁਸਾਰ ਪੁਲਸ ਨੇ ਰੋਜ਼ਰ ਬੁੱਲਮੈਨ ਦੀ ਲੁਕਣ ਗਾਹ ਦਾ ਪਤਾ ਲਾ ਲਿਆ ਤੇ ਕਿਹਾ ਕਿ ਜੇ ਉਹ ਸਕੈਨਡੀਨੇਵੀਆ ਵਾਪਸ ਆ ਸਕਿਆ ਤਾਂ ਖ਼ੁਦ ਨੂੰ ਪੇਸ਼ ਕਰ ਦੇਵੇਗਾ। ਰੋਜ਼ਰ ਨੇ ਮੰਨਿਆ ਕਿ ਉਹ ਥਾਈਲੈਂਡ ਦੀ ਜੇਲ੍ਹ ਦੀਆਂ ਪ੍ਰੇਸ਼ਾਨੀਆਂ ਤੋਂ ਡਰਦਾ ਭੱਜ ਗਿਆ ਸੀ। ਖ਼ਬਰਾਂ ਅਨੁਸਾਰ ਉਸ ਨੂੰ ਆਖਰੀ ਵਾਰ ਥਾਈਲੈਂਡ ਵਿੱਚ ਵੇਖਿਆ ਗਿਆ ਸੀ। ਵਰਨਣ ਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਬਜਾਜ ਆਪਣੀ ਪਤਨੀ ਬੰਦਨਾ ਕੌਰ ਅਤੇ ਦੋ ਸਾਲਾ ਬੇਟੇ ਨਾਲ ਥਾਈਲੈਂਡ ਛੁੱਟੀਆਂ ਕੱਟਣ ਗਿਆ ਸੀ, ਜਿੱਥੇ ਉਨ੍ਹਾਂ ਦਾ 53 ਸਾਲਾ ਰੋਜ਼ਰ ਬੁੱਲਮੈਨ ਨਾਲ ਝਗੜਾ ਹੋ ਗਿਆ ਸੀ। ਬਜਾਜ਼ ਨੇ ਉਚੀ ਰੌਲਾ ਪਾ ਰਹੇ ਬੁੱਲਮੈਨ ਨੂੰ ਕਿਹਾ ਕਿ ਉਸਦੀ ਪਤਨੀ ਤੇ ਬੇਟਾ ਸੌਣ ਦੀ ਕੋਸ਼ਿਸ਼ ਕਰ ਰਹੇ ਸਨ। ਰੌਜ਼ਰ ਬੁੱਲਮੈਨ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਗਲਾ ਦਬਾਅ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।

# ਮੋਦੀ ਕਈ ਸਾਲ ਗੁਜਰਾਤ ਦੇ ਮੁੱਖ ਮੰਤਰੀ ਰਹੇ, ਗਰੀਬੀ ਲੁਕਾਉਣ ਦੀ ਨੌਬਤ ਕਿਉਂ ਆਈ: ਸ਼ਿਵ ਸੈਨਾ






ਮੁੰਬਈ, 18 ਫਰਵਰੀ (ਪੋਸਟ ਬਿਊਰੋ)- ਸ਼ਿਵ ਸੈਨਾ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗੁਜਰਾਤ ਦੌਰੇ ਦੌਰਾਨ ਝੌਂਪੜੀਆਂ ਨੂੰ ਲੁਕਾਉਣ ਦੇ ਯਤਨਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਕਈ ਸਾਲ ਓਥੇ ਮੁੱਖ ਮੰਤਰੀ ਰਹੇ, ਫਿਰ ਵੀ ਉਥੋਂ ਗਰੀਬੀ ਦੂਰ ਕਿਉਂ ਨਾ ਹੋਈ, ਉਸ ਨੂੰ ਲੁਕਾਉਣ ਦੀ ਨੌਬਤ ਕਿਉਂ ਆਈ ਹੈ?

ਸ਼ਿਵ ਸੈਨਾ ਦੇ ਮੁੱਖ ਪੱਤਰ ਸਾਮਨਾ ਦੇ ਕੱਲ੍ਹ ਦੇ ਸੰਪਾਦਕੀ ਵਿੱਚ ਲਿਖਿਆ ਹੈ ਕਿ ਟਰੰਪ ਅਹਿਮਦਾਬਾਦ ਦੇ ਹਵਾਈ ਅੱਡੇ 'ਤੇ ਆਉਣਗੇ। ਉਨ੍ਹਾਂ ਨੂੰ ਸੜਕ ਰਸਤੇ ਸ਼ਹਿਰ ਵਿੱਚ ਲਿਆਂਦਾ ਜਾਵੇਗਾ। ਉਨ੍ਹਾਂ ਦੇ ਤਿੰਨ ਘੰਟਿਆਂ ਦੇ ਦੌਰੇ ਲਈ 100 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। 17 ਸੜਕਾਂ ਠੀਕ ਕਰਨ ਦਾ ਕੰਮ ਚੱਲ ਰਿਹਾ ਹੈ। ਸੜਕ ਕੰਢੇ ਬਣੀਆਂ ਝੌਂਪੜੀਆਂ ਟਰੰਪ ਨੂੰ ਨਜ਼ਰ ਨਾ ਆਉਣ, ਇਸ ਲਈ ਉੱਚੀ ਕੰਧੀ ਉਸਾਰੀ ਜਾ ਰਹੀ ਹੈ। ਸੰਪਾਦਕੀ ਵਿੱਚ ਲਿਖਿਆ ਹੈ ਕਿ ਸਵਾਲ ਸਿਰਫ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਵਿਕਾਸ ਪੁਰਸ਼ ਹਨ, ਉਨ੍ਹਾਂ ਤੋਂ ਪਹਿਲਾਂ ਕਿਸੇ ਨੇ ਵਿਕਾਸ ਨਹੀਂ ਕੀਤਾ, ਬਾਅਦ ਵਿੱਚ ਵੀ ਕੋਈ ਨਹੀਂ ਕਰੇਗਾ। ਉਹ ਲਗਭਗ 15 ਸਾਲ ਗੁਜਰ-ਾਤ ਦੇ ਮੁੱਖ ਮੰਤਰੀ ਰਹੇ। ਪੰਜ ਸਾਲ ਤੋਂ ਵੱਧ ਸਮੇਂ ਤੋਂ ਪ੍ਰਧਾਨ ਮੰਤਰੀ ਹਨ। ਇਸ ਦੇ ਬਾਵਜੂਦ ਉਨ੍ਹਾਂ ਦੇ ਗ੍ਰਹਿ ਸੂਬੇ ਗੁਜਰ-ਾਤ ਦੀ ਗਰੀਬੀ ਨੂੰ ਲੁਕਾਉਣ ਲਈ ਕੰਧ ਖੜ੍ਹੀ ਕਰਨ ਦੀ ਨੌਬਤ ਕਿਉਂ ਆਈ ਹੈ? ਇਹ ਸਵਾਲ ਅਮਰੀਕਾ ਦਾ ਮੀਡੀਆ ਵੀ ਪੁੱਛ ਸਕਦਾ ਹੈ। ਪਹਿਲਾਂ 'ਗਰੀਬੀ ਹਟਾਓ' ਦੇ ਨਾਅਰੇ ਦਾ ਮਜ਼ਾਕ ਉਡਿਆ ਸੀ, ਹੁਣ 'ਗਰੀਬੀ ਲੁਕਾਓ' ਦਾ ਮਜ਼ਾਕ ਉਡੇਗਾ।

# ਅਫਗਾਨਿਸਤਾਨ ਦੇ ਲੋਕ ਅਮਨ-ਸ਼ਾਂਤੀ ਤੇ ਖੁਸ਼ਹਾਲੀ ਦੇ ਹੱਕਦਾਰ: ਗੁਟੇਰੇਜ਼




ਇਸਲਾਮਾਬਾਦ, 18 ਫਰਵਰੀ (ਪੋਸਟ ਬਿਊਰੋ)- ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਆਲਮੀ ਭਾਈਚਾਰੇ ਨੂੰ ਜੰਗ-ਗ੍ਰਸਤ ਅਫਗਾਨਿਸਤਾਨ ਵਿੱਚ ਅਮਨ-ਸ਼ਾਂਤੀ ਲਿਆਉਣ ਲਈ ਹੋਰ ਕੋਸ਼ਿਸ਼ਾਂ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਦੇ ਲੋਕ ਅਮਨ-ਸ਼ਾਂਤੀ, ਖ਼ੁਸ਼ਹਾਲੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਹੱਕਦਾਰ ਹਨ। ਉਹ ਇੱਥੇ 'ਪਾਕਿਸਤਾਨ ਵਿੱਚ ਅਫਗਾਨੀ ਸ਼ਰਨਾਰਥੀਆਂ ਦੀ ਮੌਜੂਦਗੀ ਦੇ 40 ਵਰ੍ਹੇ: ਇਕਜੁਟਤਾ ਲਈ ਨਵੀਂ ਭਾਈਵਾਲਤਾ' ਵਿਸ਼ੇ 'ਤੇ ਕੌਮਾਂਤਰੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਇਸ ਕਾਨਫਰੰਸ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮ-ਰਾਨ ਖਾਨ ਸਣੇ ਕਰੀਬ 20 ਮੁਲਕਾਂ ਦੇ ਮੰਤਰੀ ਅਤੇ ਸੀਨੀਅਰ ਅਧਿਕਾਰੀ ਹਿੱਸਾ ਲੈ ਰਹੇ ਹਨ। 'ਡਾਅਨ' ਅਖਬਾਰ ਦੀ ਰਿਪੋਰਟ ਅਨੁਸਾਰ ਗੁਟੇਰੇਜ਼ ਨੇ ਅਫਗਾਨਿਸਤਾਨ ਦੇ ਸ਼ਰਨਾਰਥੀਆਂ ਦੇ ਸੰਕਟ ਨੂੰ ਦੁਨੀਆਂ ਭਰ ਦੇ ਇਤਿਹਾਸ ਦਾ ਸਭ ਤੋਂ ਲੰਬਾ ਸ਼ਰਨਾਰਥੀ ਸੰਕਟ ਦੱਸਦਿਆਂ ਕਿਹਾ ਕਿ ਇਹ ਵਿਵਾਦ ਬਹੁਤ ਲੰਬਾ ਖਿੱਚਿਆ ਜਾਣ ਕਾਰਨ ਅਤੇ ਅਤਿ ਦੀ ਗਰੀਬੀ ਤੇ ਜਬਰੀ ਉਜਾੜੇ ਕਾਰਨ ਇਸ ਦਾ ਅਫ਼ਗਾਨਿਸਤਾਨ ਦੇ ਲੋਕਾਂ 'ਤੇ ਡੂੰਘਾ ਅਸਰ ਹੋਇਆ ਹੈ। ਗੁਟੇਰੇਜ਼ ਨੇ ਜ਼ੋਰ ਦੇ ਕੇ ਕਿਹਾ ਕਿ ਅਫ਼ਗਾਨਿਸਤਾਨ ਦੇ ਲੋਕ ਅਮਨ-ਸ਼ਾਂਤੀ ਤੇ ਖ਼ੁਸ਼ਹਾਲੀ ਦੇ ਹੱਕਦਾਰ ਹਨ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਪੂਰਾ ਸਨਮਾਨ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ, ''ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਲਮੀ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ।'' ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਦੇ ਸ਼ਰਨਾਰਥੀਆਂ ਦੀ ਸਫਲਤਾਪੂਰਵਕ ਵਤਨ ਵਾਪਸੀ ਲਈ ਅਮਨ-ਸ਼ਾਂਤੀ ਲਈ ਵੱਚਨਬੱਧਤਾ ਦੀ ਲੋੜ ਹੈ। ਉਨ੍ਹਾਂ ਕਿਹਾ, ''ਸਾਨੂੰ ਅਸਲੀਅਤ ਦੇਖਣੀ ਚਾਹੀਦੀ ਹੈ ਅਤੇ ਅੱਗੇ ਆ ਰਹੀਆਂ ਵੱਡੀਆਂ ਚੁਣੌਤੀਆਂ ਬਾਰੇ ਜਾਣੂ ਹੋਣਾ ਚਾਹੀਦਾ ਹੈ। ਇਸ ਕਾਨਫਰੰਸ ਵਿੱਚ ਦੁਨੀਆਂ ਭਰ ਦੇ ਸੀਨੀਅਰ ਸਰਕਾਰੀ ਅਧਿਕਾਰੀਆਂ ਦੀ ਮੌਜੂਦਗੀ ਸਾਡੀ ਇਕਜੁਟਤਾ ਲਈ ਨਵੀਂ ਭਾਈਵਾਲੀ ਦੀ ਵਚਨਬੱਧਤਾ ਦਾ ਪ੍ਰਤੀਕ ਹੈ ਅਤੇ ਅਫਗਾਨਿਸਤਾਨ ਦੇ ਬਿਹਤਰ ਭਵਿੱਖ ਲਈ ਆਸ ਹੈ।''

# ਮਸੂੜਿਆਂ ਦੀ ਬਿਮਾਰੀ ਨਾਲ ਬ੍ਰੇਨ ਹੈਮਰੇਜ ਹੋ ਸਕਦੈ



ਲੰਡਨ, 18 ਫਰਵਰੀ (ਪੋਸਟ ਬਿਊਰੋ)- ਮਸੂੜਿਆਂ ਦੀ ਬਿਮਾਰੀ ਨਾਲ ਜੂਝ ਰਹੇ ਬਾਲਗਾਂ ਵਿੱਚ ਬ੍ਰੇਨ ਹੈਮਰੇਜ ਹੋਣ ਦਾ ਖਤਰਾ ਜ਼ਿਆਦਾ ਹੁੰਦਾ ਹੈ। ਇੱਕ ਤਾਜ਼ਾ ਖੋਜ 'ਚ ਇਹ ਖੁਲਾਸਾ ਹੋਇਆ ਹੈ।

ਇਸ ਖੋਜ ਵਿੱਚ ਦੇਖਿਆ ਗਿਆ ਕਿ ਮਸੂੜਿਆਂ ਦੀ ਬਿਮਾਰੀ ਤੋਂ ਪੀੜਤ ਲੋਕਾਂ ਦੇ ਦਿਮਾਗ ਵਿੱਚ ਧਮਣੀਆਂ ਦੇ ਪ੍ਰਭਾਵਤ ਹੋਣ ਦੀ ਸੰਭਾਵਨਾ ਦੁੱਗਣੀ ਸੀ। ਜਦੋਂ ਦਿਮਾਗ ਦੀਆਂ ਧਮਣੀਆਂ ਚਿਪਚਿਪੇ ਪਦਾਰਥ ਨਾਲ ਚਿਪਕ ਜਾਂਦੀਆਂ ਹਨ ਤਾਂ ਖੂਨ ਦਾ ਪ੍ਰਵਾਹ ਸੀਮਿਤ ਹੋ ਜਾਂਦਾ ਹੈ ਅਤੇ ਸਟ੍ਰੋਕ ਦਾ ਕਾਰਨ ਬਣਦਾ ਹੈ। ਮਸੂੜਿਆਂ ਦੀ ਸੋਜ ਖੂਨ ਦੇ ਪ੍ਰਵਾਹ ਨੂੰ ਪ੍ਰਭਾਵਤ ਕਰ ਕੇ ਹੌਲੀ ਹੌਲੀ ਖੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾ ਦਿੰਦੀ ਹੈ। ਰੋਜ਼ਾਨਾ ਦੰਦਾਂ ਦੀ ਸਫਾਈ ਕਰਨਾ ਇਸ ਬਿਮਾਰੀ ਤੋਂ ਬਚਣ ਦਾ ਸਭ ਤੋਂ ਸੌਖਾਲਾ ਤਰੀਕਾ ਹੈ। ਮਸੂੜਿਆਂ ਦੀ ਬਿਮਾਰੀ, ਜਿਸ ਨੂੰ ਪੈਰੀਡੋਂਟਲ ਵੀ ਕਹਿੰਦੇ ਹਨ, ਬੈਕਟੀਰੀਆ ਅਤੇ ਗੰਦਗੀ ਕਾਰਨ ਹੋਣ ਵਾਲੀ ਇਨਫੈਕਸ਼ਨ ਹੈ। ਇਸ ਦਾ ਸਭ ਤੋਂ ਮੁੱਖ ਲੱਛਣ ਮਸੂੜਿਆਂ 'ਚੋਂ ਖੂਨ ਆਉਣਾ ਹੈ। ਜੇ ਇਸ ਦਾ ਇਲਾਜ ਨਾ ਹੋਇਆ ਤਾਂ ਜਬਾੜੇ ਨੂੰ ਸਮਰਥਨ ਦੇਣ ਵਾਲੇ ਟਿਸ਼ੂਆਂ ਤੱਕ ਇਹ ਬਿਮਾਰੀ ਫੈਲ ਜਾਂਦੀ ਹੈ, ਜਿਸ ਨਾਲ ਸਾਰੇ ਦੰਦ ਡਿੱਗ ਸਕਦੇ ਹਨ।

ਪਹਿਲਾਂ ਖੋਜਕਾਰਾਂ ਨੇ 1145 ਲੋਕਾਂ 'ਤੇ ਅਧਿਐਨ ਕੀਤਾ, ਜਿਨ੍ਹਾਂ ਨੂੰ ਬ੍ਰੇਨ ਹੈਮਰੇਜ ਨਹੀਂ ਹੋਇਆ ਸੀ। ਦੂਜਾ 265 ਅਜਿਹੇ ਮਰੀਜ਼ਾਂ ਨੂੰ ਸ਼ਾਮਲ ਕੀਤਾ ਗਿਆ, ਜੋ ਬ੍ਰੇਨ ਹੈਮਰੇਜ ਤੋਂ ਪੀੜਤ ਸਨ। ਮਸੂੜਿਆਂ ਦੀ ਬਿਮਾਰੀ ਨੂੰ ਸਿਹਤ ਸੰਬੰਧੀ ਕਈ ਪ੍ਰੇਸ਼ਾਨੀਆਂ ਨਾਲ ਜੋੜਿਆ ਗਿਆ ਹੈ। ਇਸ 'ਚ ਸ਼ੂਗਰ, ਦਿਲ ਦੇ ਰੋਗ ਤੇ ਬ੍ਰੇਨ ਹੈਮਰੇਜ ਦਾ ਖਤਰਾ ਸ਼ਾਮਲ ਹੈ। ਇਹ ਗਰਭ ਅਵਸਥਾ ਦੌਰਾਨ ਵੀ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਖੋਜਕਾਰ ਡਾਕਟਰ ਸੌਵਿਕ ਸੇਨ ਨੇ ਕਿਹਾ ਕਿ ਮਸੂੜਿਆਂ ਦੀ ਬਿਮਾਰੀ ਇੱਕ ਗੰਭੀਰ ਬੈਕਟੀਰੀਆ ਇਨਫੈਕਸ਼ਨ ਹੈ।

# ਕਦੀ ਕਿਸੇ ਵਿਅਕਤੀ ਦੇ ਚੇਹਰੇ 'ਤੇ ਭਰੋਸਾ ਨਾ ਕਰੋ

ਨਿਊਯਾਰਕ, 18 ਫਰਵਰੀ (ਪੋਸਟ ਬਿਊਰੋ)- ਚੇਹਰੇ ਦੇ ਭਾਵ ਭਾਵਨਾਵਾਂ ਦੇ ਭਰੋਸੇ ਯੋਗ ਸੰਕੇਤਕ ਨਹੀਂ ਹੋ ਸਕਦੇ। ਖੋਜ ਕਰਤਾਵਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਕਦੀ ਕਿਸੇ ਵਿਅਕਤੀ ਦੇ ਚੇਹਰੇ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ।

ਮਾਰਟੀਨੇਜ ਨੇ ਕਿਹਾ ਹੈ ਕਿ ਖੋਜ ਦੇ ਅਧਿਐਨ ਅਨੁਸਾਰ, ਚੇਹਰੇ ਦੇ ਪ੍ਰਗਟਾਵੇ ਨਾਲ ਗ੍ਰਾਹਕਾਂ ਦੀ ਸੰਤੁਸ਼ਟੀ ਤੈਅ ਕਰਨ ਲਈ ਕੁਝ ਖੋਜ ਕਰਤਾ ਇਸ ਬਿਜ਼ਨਿਸ ਦੀ ਤਕਨੀਕ 'ਤੇ ਵੀ ਕੰਮ ਕਰ ਰਹੇ ਹਨ। ਨਤੀਜਿਆਂ ਲਈ ਖੋਜ ਕਰਤਾਵਾਂ ਨੇ ਚੇਹਰੇ ਦੇ ਭਾਵਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਕੰਪਿਊਟਰ ਏਲ-ਗੋਰਿਦਮ ਦੇ ਨਿਰਮਾਣ 'ਤੇ ਧਿਆਨ ਕੇਂਦਰਿਤ ਕੀਤਾ। ਖੋਜ ਕਰਤਾਵਾਂ ਨੇ ਮਨੁੱਖੀ ਚੇਹਰੇ ਵਿੱਚ ਮਸਲਜ਼ ਦੇ ਆਦੋਲਨ ਦੇ ਕੈਨੇਟੀਕਸ ਦਾ ਵਿਸ਼ਲੇਸ਼ਣ ਕੀਤਾ ਅਤੇ ਇੱਕ ਵਿਅਕਤੀ ਦੀਆਂ ਭਾਵਨਾਵਾਂ ਨਾਲ ਉਨ੍ਹਾਂ ਸਮਲਜ਼ ਦੀ ਤੁਲਨਾ ਕੀਤੀ। ਉਨ੍ਹਾਂ ਨੇ ਪਾਇਆ ਕਿ ਕਿਸੇ ਵਿਅਕਤੀ ਦੇ ਚੇਹਰੇ ਦੇ ਭਾਵਾਂ ਦੇ ਆਧਾਰ 'ਤੇ ਭਾਵਨਾਵਾਂ ਦਾ ਪਤਾ ਲਾਉਣ ਜਾ ਵਿਆਖਿਆ ਕਰਨ ਦਾ ਯਤਨ ਲਗੱਭਗ ਹਮੇਸ਼ਾ ਗਲਤ ਸੀ। ਮਾਰਟੀਨੇਜ ਨੇ ਕਿਹਾ ਕਿ ਹਰ ਕੋਈ ਸੱਭਿਆਚਾਰਕ ਪਿਛੋਕੜ ਦੇ ਆਧਾਰ 'ਤੇ ਵਿਭਿੰਨ ਚੇਹਰੇ ਦੇ ਭਾਵ ਬਣਾਉਂਦਾ ਹੈ ਅਤੇ ਇਹ ਮਹਿਸੂਸ ਕਰਨਾ ਮਹੱਤਵ ਪੂਰਨ ਹੈ ਕਿ ਹਰ ਕੋਈ ਜੋ ਮੁਸਕਰਾਉਂਦਾ ਹੈ, ਉਹ ਖੁਸ਼ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜ਼ਿਆਦਾਤਰ ਲੋਕ ਜੋ ਮੁਸਕਰਾਉਂਦੇ ਨਹੀਂ, ਜ਼ਰੂਰੀ ਨਹੀਂ ਕਿ ਉਹ ਦੁਖੀ ਹੋਣ। ਖੋਜ ਕਰਤਾਵਾਂ ਦੇ ਅਨੁਸਾਰ ਚੇਹਰੇ ਦਾ ਰੰਗ ਸੁਰਾਗ ਪ੍ਰਦਾਨ ਕਰਨ ਵਿੱਚ ਮਦਦ ਕਰ ਸਕਦਾ ਹੈ।

# ਇੱਕ ਹਜ਼ਾਰ ਕਰੋੜ ਦੇ ਭੁਗਤਾਨ ਬਾਰੇ ਅਦਾਲਤ 'ਚ ਵੋਡਾਫੋਨ ਦੀ ਅਰਜ਼ੀ ਫਿਰ ਰੱਦ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਪ੍ਰਮੁੱਖ ਟੈਲੀਕਾਮ ਕੰਪਨੀ ਵੋਡਾਫੋਨ ਨੇ ਇੱਕ ਤਰ੍ਹਾਂ ਸਾਫ ਕਰ ਦਿੱਤਾ ਹੈ ਕਿ ਮੌਜੂਦਾ ਹਾਲਾਤ 'ਚ ਉਸ ਲਈ ਬਕਾਇਆ 50 ਹਜ਼ਾਰ ਕਰੋੜ ਦੀ ਰਕਮ ਭਰਨਾ ਮੁਮਕਿਨ ਨਹੀਂ। ਕੰਪਨੀ ਨੇ ਕੱਲ੍ਹ ਸਿਰਫ 2500 ਕਰੋੜ ਰੁਪਏ ਤੁਰੰਤ ਅਤੇ ਕੁਝ ਦਿਨ ਬਾਅਦ 1000 ਕਰੋੜ ਰੁਪਏ ਦੇ ਭੁਗਤਾਨ ਦੀ ਅਰਜ਼ੀ ਦਿੱਤੀ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ।

ਇਸ ਦੌਰਾਨ ਇੱਕ ਹੋਰ ਕੰਪਨੀ ਏਅਰਟੈੱਲ ਨੇ 10 ਹਜ਼ਾਰ ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਟਾਟਾ ਗਰੁੱਪ ਦੀ ਟਾਟਾ ਟੈਲੀ ਸਰਵਿਸਿਜ਼ ਨੇ ਵੀ 2197 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਇਸ ਤਰ੍ਹਾਂ ਟੈਲੀਕਾਮ ਕੰਪਨੀਆਂ ਉਤੇ ਏ ਜੀ ਆਰ (ਐਡਜਸਟਿਡ ਗਰਾਸ ਰੈਵੇਨਿਊ) ਵਜੋਂ ਬਾਕੀ 1.47 ਲੱਖ ਕਰੋੜ ਵਿੱਚੋਂ ਸਿਰਫ 14,700 ਕਰੋੜ ਸਰਕਾਰ ਕੋਲ ਆਏ ਹਨ। ਬੀਤੇ ਦਿਨੀਂ ਸੁਪਰੀਮ ਕੋਰਟ ਨੇ ਏ ਜੀ ਆਰ ਬਕਾਏ ਬਾਰੇ ਬੇਹੱਦ ਸਖ਼ਤ ਰੁਖ਼ ਵਰਤਿਆ ਤੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਇਸ ਦੇਸ਼ ਵਿੱਚ ਕਾਨੂੰਨ ਦਾ ਰਾਜ ਨਹੀਂ ਤੇ ਸੁਪਰੀਮ ਕੋਰਟ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਉਸ ਤੋਂ ਬਾਅਦ ਹਰਕਤ 'ਚ ਆਇਆ ਟੈਲੀਕਾਮ ਵਿਭਾਗ (ਡਾਟਾ) ਨੇ ਕੱਲ੍ਹ ਅੱਧੀ ਰਾਤ ਤੱਕ ਸਾਰੀ ਬਕਾਇਆ ਰਾਸ਼ੀ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਸੀ। ਉਸ ਹੁਕਮ ਹੇਠ ਵੋਡਾਫੋਨ ਕੰਪਨੀ ਸੁਪਰੀਮ ਕੋਰਟ ਦੇ ਸਾਹਮਣੇ ਪੇਸ਼ ਹੋਈ ਸੀ ਅਤੇ ਹਾਲੇ 3500 ਕਰੋੜ ਰੁਪਏ ਦਾ ਭੁਗਤਾਨ ਕਰਨ ਦੀ ਪੇਸ਼ਕਸ਼ ਕੀਤੀ ਸੀ।




ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੀ ਬੈਂਚ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਅਤੇ ਕੰਪਨੀਆਂ ਨੂੰ ਰਾਹਤ ਦੇਣ ਦੀਆਂ ਹੋਰ ਪੇਸ਼ਕਸ਼ਾਂ ਨੂੰ ਵੀ ਰੱਦ ਕਰ ਦਿੱਤਾ। ਵੋਡਾਫੋਨ ਨੇ ਦੱਸਿਆ ਕਿ ਹਾਲੇ ਉਹ ਿਨੇ ਪੈਸਿਆਂ ਦਾ ਪ੍ਰਬੰਧ ਹੀ ਕਰ ਸਕੀ ਹੈ ਅਤੇ ਉਸ ਦੇ ਖ਼ਿਲਾਫ਼ ਕੋਈ ਸਜ਼ਾ ਯੋਗ ਕਾਰਵਾਈ ਨਹੀਂ ਹੋਣੀ ਚਾਹੀਦੀ। ਕੰਪਨੀ ਨੇ ਇਹ ਵੀ ਦੱਸਿਆ ਕਿ ਉਹ ਮੁਲਾਂਕਣ ਕਰ ਰਹੀ ਹੈ ਕਿ ਕਿਸ ਤਰ੍ਹਾਂ ਬਾਕੀ ਰਕਮ ਦਾ ਭੁਗਤਾਨ ਕੀਤਾ ਜਾਵੇ।

ਵਰਨਣ ਯੋਗ ਹੈ ਕਿ ਵੋਡਾਫੋਨ ਪਹਿਲਾਂ ਹੀ ਵੱਡੇ ਵਿੱਤੀ ਸੰਕਟ 'ਚੋਂ ਲੰਘ ਰਹੀ ਹੈ। ਕੰਪਨੀ ਕਹਿ ਚੁੱਕੀ ਹੈ ਕਿ ਜੇ ਸਰਕਾਰ ਵੱਲੋਂ ਮਦਦ ਨਾ ਮਿਲੀ ਤਾਂ ਕਾਰੋਬਾਰ ਬੰਦ ਕਰਨ ਦੀ ਨੌਬਤ ਆ ਸਕਦੀ ਹੈ। ਦੂਜੇ ਪਾਸੇ ਏਅਰਟੈੱਲ ਨੇ ਦੱਸਿਆ ਕਿ ਉਸ ਨੇ 10 ਹਜ਼ਾਰ ਕਰੋੜ ਰੁਪਏ ਦਾ ਭੁਗਤਾਨ ਸਰਕਾਰ ਨੂੰ ਕਰ ਦਿੱਤਾ ਹੈ। ਇਹ ਭੁਗਤਾਨ ਭਾਰਤੀ ਏਅਰਟੈੱਲ, ਭਾਰਤੀ ਹੈਕਸਾਕਾਮ ਤੇ ਟੈਲੀਨਾਰ ਨੇ ਕੀਤਾ ਹੈ, ਜਦੋਂ ਕਿ ਸਰਕਾਰ ਦੀ ਗਣਨਾ ਮੁਤਾਬਕ ਇਸ ਗਰੁੱਪ 'ਤੇ ਕੁੱਲ 35,586 ਕਰੋੜ ਰੁਪਏ ਬਕਾਇਆ ਹਨ, ਜਿਸ ਦਾ ਭੁਗਤਾਨ ਕੀਤਾ ਜਾਣਾ ਹੈ। ਕੱਲ੍ਹ ਦੇਰ ਸ਼ਾਮ ਟਾਟਾ ਗਰੁੱਪ ਦੀ ਟੀ ਟੀ ਐਸ ਐਲ ਨੇ ਦੱਸਿਆ ਕਿ ਉਸ ਨੇ ਵੀ ਸੁਪਰੀਮ ਕੋਰਟ ਦੇ ਫ਼ੈਸਲੇ ਪਿੱਛੋਂ 2197 ਕਰੋੜ ਰੁਪਏ ਏ ਜੀ ਆਰ ਬਕਾਏ ਦਾ ਭੁਗਤਾਨ ਸਰਕਾਰ ਨੂੰ ਕਰ ਦਿੱਤਾ ਹੈ। ਇਹ ਰਕਮ ਸਪੈਕਟਰਮ ਟੈਰਿਫ ਤੇ ਲਾਇਸੈਂਸ ਫੀਸ ਦੇ ਬਕਾਏ ਵਜੋਂ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ 'ਤੇ ਬਕਾਇਆ ਪੂਰੀ ਰਕਮ ਦੇ ਦਿੱਤੀ ਗਈ ਹੈ।

ਟੈਲੀਕਾਮ ਕੰਪਨੀਆਂ ਤੋਂ ਇਲਾਵਾ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਨਜ਼ਰ 'ਚ ਕੁਝ ਸਰਕਾਰੀ ਖੇਤਰ ਦੀਆਂ ਗ਼ੈਰ-ਟੈਲੀਕਾਮ ਕੰਪਨੀਆਂ ਵੀ ਹਨ ਜਿਨ੍ਹਾਂ ਵਿੱਚ 2.7 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਦਾ ਭੁਗਤਾਨ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਇਨ੍ਹਾਂ 'ਚੋਂ ਕਈ ਪੈਟਰੋਲੀਅਮ ਸੈਕਟਰ ਦੀਆਂ ਕੰਪਨੀਆਂ ਹਨ ਜੋ ਸਪੈਕਟਰਮ ਦੀ ਵਰਤੋਂ ਕਰਦੀਆਂ ਹਨ। ਇਨ੍ਹਾਂ 'ਚ ਗੈਸ ਅਥਾਰਟੀ ਆਫ ਇੰਡੀਆ ਲਿਮਟਿਡ ਅਤੇ ਪਾਵਰ ਗਰਿੱਡ ਵਰਗੀਆਂ ਵੱਡੀਆਂ ਕੰਪਨੀਆਂ ਸ਼ਾਮਲ ਹਨ। ਇਨ੍ਹਾਂ 'ਚੋਂ ਕੁਝ ਕੰਪਨੀਆਂ ਤੋਂ ਸਰਕਾਰ ਜਿੰਨੀ ਰਕਮ ਮੰਗਦੀ ਹੈ, ਉਹ ਉਨ੍ਹਾਂ ਦੀ ਨੈਟਵਰਥ ਤੋਂ ਵੀ ਵੱਧ ਹੈ।

# ਸ਼ਰਾਬ ਦੇ ਠੇਕੇਦਾਰ ਵੱਲੋਂ ਵਿਆਹ ਸਮਾਗਮਾਂ 'ਚ ਗੁੰਡਾ ਟੈਕਸ ਦੀ ਉਗਰਾਹੀ

ਜਲੰਧਰ, 18 ਫਰਵਰੀ (ਪੋਸਟ ਬਿਊਰੋ)- ਬਜਰੀ ਤੇ ਹੋਰ ਢੋਅ-ਢੁਆਈ 'ਚ ਗੁੰਡਾ ਟੈਕਸ ਉਗਰਾਹੁਣ ਦੀਆਂ ਕਹਾਣੀਆਂ ਅੱਜਕੱਲ੍ਹ ਵਿਆਹ ਸਮਾਗਮਾਂ ਵਿੱਚ ਸ਼ਰਾਬ ਪਰੋਸਣ ਤੱਕ ਆ ਗਈਆਂ ਹਨ। ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਵੱਲੋਂ ਜਾਰੀ ਪਰਮਿਟਾਂ ਦੇ ਬਾਵਜੂਦ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸ਼ਰਾਬ ਦੇ ਠੇਕੇਦਾਰ ਆਮ ਲੋਕਾਂ ਨੂੰ ਸਿਰਫ਼ ਨੇੜਲੇ ਠੇਕੇ ਤੋਂ ਸ਼ਰਾਬ ਖ਼ਰੀਦਣ ਲਈ ਮਜਬੂਰ ਕਰਕੇ ਹਰ ਸਾਲ ਅਰਬਾਂ ਰੁਪਏ ਲੁੱਟ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਜਾਂ ਐਕਸਾਈਜ਼ ਤੇ ਟੈਕਸੇਸ਼ਨ ਦਾ ਅਜਿਹਾ ਕਾਨੂੰਨ ਜਾਂ ਨਿਯਮ ਨਹੀਂ ਬਣਾਇਆ ਗਿਆ ਕਿ ਪਰਮਿਟ ਵਾਲੇ ਵਿਅਕਤੀ ਨੂੰ ਕਿਸੇ ਖਾਸ ਠੇਕੇ ਤੋਂ ਸ਼ਰਾਬ ਚੁੱਕਣ ਲਈ ਪਾਬੰਦ ਕੀਤਾ ਜਾ ਸਕੇ ਪਰ ਸਾਰੇ ਪੰਜਾਬ ਵਿੱਚ ਠੇਕੇਦਾਰਾਂ ਨੇ ਵਿਭਾਗ ਨਾਲ ਮਿਲ ਕੇ ਇਹ ਕਾਨੂੰਨ ਬਣਾ ਰੱਖਿਆ ਹੈ ਕਿ ਵਿਆਹ ਸਮਾਗਮ 'ਚ ਸ਼ਰਾਬ ਸਿਰਫ਼ ਉਸੇ ਖੇਤਰ 'ਚ ਪੈਂਦੇ ਠੇਕੇ ਦੀ ਪਰੋਸੀ ਜਾਵੇਗੀ। ਜੇ ਕੋਈ ਵਿਅਕਤੀ ਕਿਸੇ ਹੋਰ ਠੇਕੇ ਤੋਂ ਲੈ ਆਵੇ ਤਾਂ ਠੇਕੇਦਾਰ ਦੇ ਆਦਮੀ ਅਤੇ ਵਿਭਾਗ ਦੇ ਕਰਮਚਾਰੀ ਜਾ ਪਹੁੰਚਦੇ ਹਨ ਤੇ ਨਾਜਾਇਜ਼ ਸ਼ਰਾਬ ਪਿਆਉਣ ਦੀ ਧਮਕੀ ਦੇ ਕੇ ਖੱਜਲ ਕਰਦੇ ਹਨ। ਬਹੁਤੇ ਲੋਕ ਇਸ ਗ਼ੈਰ-ਕਾਨੂੰਨੀ ਕਾਰਵਾਈ ਨੂੰ ਕਾਨੂੰਨ ਮੰਨ ਕੇ ਠੇਕੇਦਾਰਾਂ ਨੂੰ ਗੁੰਡਾ ਟੈਕਸ ਭਰੀ ਜਾਂਦੇ ਹਨ। ਜੇ ਕੋਈ ਗ਼ਲਤੀ ਕਰ ਲਵੇ ਤਾਂ ਉਸ ਨੂੰ ਗੁੰਡਾ ਟੈਕਸ ਦੇ ਨਾਲ ਹਰਜਾਨਾ ਵੀ ਭਰਨਾ ਪੈਂਦਾ ਹੈ।

ਸਰਕਾਰ ਵੱਲੋਂ ਜਾਰੀ ਪਰਮਿਟ ਲਈ ਵੱਡੇ ਸ਼ਹਿਰਾਂ ਦੇ ਪੈਲੇਸਾਂ ਲਈ ਪ੍ਰਤੀ ਸਮਾਗਮ 10 ਹਜ਼ਾਰ ਰੁਪਏ, ਕਸਬਿਆਂ ਲਈ ਸੱਤ ਹਜ਼ਾਰ ਰੁਪਏ ਅਤੇ ਪੇਂਡੂ ਖੇਤਰ ਦੇ ਪੈਲੇਸਾਂ ਲਈ ਪੰਜ ਹਜ਼ਾਰ ਰੁਪਏ ਫ਼ੀਸ ਹੈ, ਪਰ ਫਿਰ ਵੀ ਗੁੰਡਾ ਟੈਕਸ ਵੱਖਰਾ ਲਿਆ ਜਾਂਦਾ ਹੈ। ਵਿਆਹ ਕਰਨ ਵਾਲਿਆਂ ਅਤੇ ਕਈ ਮੈਰਿਜ ਪੈਲੇਸ ਦੇ ਮਾਲਕਾਂ ਨੇ ਦੱਸਿਆ ਕਿ 10 ਹਜ਼ਾਰ ਤੋਂ ਘੱਟ ਮੁੱਲ ਵਾਲੀ ਸ਼ਰਾਬ ਬਲੈਂਡਰ ਪ੍ਰਾਈਡ, ਸਿਗਨੇਚਰ ਬਗੈਰਾ ਤਿੰਨ ਹਜ਼ਾਰ ਰੁਪਏ ਤੇ 10 ਹਜ਼ਾਰ ਤੋਂ ਵਧੇਰੇ ਪੇਟੀ ਵਾਲੀ ਹੰਡਰਡ ਪਾਈਪਰ, ਬਲੈਕ ਡਾਗ ਬਗੈਰਾ ਛੇ ਤੋਂ ਸੱਤ ਹਜ਼ਾਰ ਰੁਪਏ ਮਹਿੰਗੀ ਵੇਚੀ ਜਾਂਦੀ ਅਤੇ ਏਦਾਂ ਹੀ ਮਹਿੰਗੀ ਵਿਦੇਸ਼ੀ ਸਕਾਚ ਦੇ ਤਾਂ ਮਨਭਾਉਂਦੇ ਭਾਅ ਲਾਏ ਜਾਂਦੇ ਹਨ। ਬਲੈਕ ਲੇਬਲ ਦੀ ਪੇਟੀ 33 ਤੋਂ 35 ਹਜ਼ਾਰ ਰੁਪਏ ਤੱਕ ਵਿਕਦੀ ਹੈ।

ਇੱਕ ਨਾਮੀ ਮੈਰਿਜ ਪੈਲੇਸ ਦੇ ਮਾਲਕ ਨੇ ਇਸ ਦੀ ਪੁਸ਼ਟੀ ਕੀਤੀ ਕਿ ਠੇਕੇਦਾਰਾਂ ਤੇ ਵਿਭਾਗ ਨੇ ਸਾਨੂੰ ਹਦਾਇਤ ਕੀਤੀ ਹੋਈ ਹੈ ਕਿ ਪਰਮਿਟ ਦੇ ਬਾਵਜੂਦ ਸ਼ਰਾਬ ਨੇੜਲੇ ਠੇਕੇ ਤੋਂ ਹੀ ਲਈ ਜਾਵੇ। ਜੇ ਕੋਈ ਵਿਭਾਗ ਦੇ ਅਧਿਕਾਰੀਆਂ ਨਾਲ ਗੱਲ ਕਰੇ ਤਾਂ ਉਹ ਵੀ ਅੱਗਿਉਂ ਇਸੇ ਦੀ ਹਾਮੀ ਭਰਦੇ ਹਨ ਕਿ ਸ਼ਰਾਬ ਪੈਲੇਸ ਵਾਲੇ ਗਰੁੱਪ ਤੋਂ ਹੀ ਖ਼ਰੀਦੀ ਜਾਵੇ।

# ਫਿਜ਼ੀ ਗਿਆ ਨੌਜਵਾਨ ਏਅਰਪੋਰਟ ਤੋਂ ਪਰਤਿਆ, ਦੋ ਜਣਿਆਂ ਦੇ ਵਿਰੁੱਧ ਕੇਸ ਦਰਜ

ਮਾਛੀਵਾੜਾ, 18 ਫਰਵਰੀ (ਪੋਸਟ ਬਿਊਰੋ)- ਸਥਾਨਕ ਪੁਲਸ ਨੇ ਗਗਨ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਵਿਦੇਸ਼ ਭੇਜਣ ਦੇ ਨਾਂਅ 'ਤੇ ਧੋਖਾਧੜੀ ਕਰਨ ਦੇ ਦੋਸ਼ ਹੇਠ ਸ਼ਾਮ ਸੁੰਦਰ ਵਾਸੀ ਰਸਤਾ ਮੁਹੱਲਾ ਜਲੰਧਰ ਅਤੇ ਰਮਨ ਕੁਮਾਰ ਵਾਸੀ ਜਲੰਧਰ ਵਿਰੁੱਧ ਕੇਸ ਦਰਜ ਕਰ ਲਿਆ ਅਤੇ ਅਗਲੀ ਜਾਂਚ ਚੱਲ ਰਹੀ ਹੈ।



ਪੁਲਸ ਜ਼ਿਲਾ ਖੰਨਾ ਨੂੰ ਗਗਨ ਕੁਮਾਰ ਵਾਸੀ ਮਾਛੀਵਾੜਾ ਨੇ ਸ਼ਿਕਾਇਤ ਕੀਤੀ ਹੈ ਕਿ ਉਹ ਰੁਜ਼ਗਾਰ ਲਈ ਵਿਦੇਸ਼ ਜਾਣਾ ਚਾਹੁੰਦਾ ਸੀ, ਜਿਸ ਵਾਸਤੇ ਉਸ ਨੇ ਆਪਣੇ ਰਿਸ਼ਤੇਦਾਰਾਂ ਦੀ ਜਾਣੂ ਅਤੇ ਜਲੰਧਰ ਦੇ ਟ੍ਰੈਵਲ ਏਜੰਟ ਦਾ ਕੰਮ ਕਰਦੇ ਸ਼ਾਮ ਸੁੰਦਰ ਅਤੇ ਰਮਨ ਕੁਮਾਰ ਨਾਲ ਸੰਪਰਕ ਕੀਤਾ। ਦੋਵੇਂ ਟ੍ਰੈਵਲ ਏਜੰਟਾਂ ਨੇ ਉਸ ਨੂੰ ਵਿਸ਼ਵਾਸ ਦਿਵਾਇਆ ਕਿ ਫਿਜ਼ੀ ਵਿਖੇ ਰੁਜ਼ਗਾਰ ਲਈ ਭੇਜ ਦੇਣਗੇ, ਜਿਸ ਦਾ ਤਿੰਨ ਲੱਖ ਰੁਪਏ ਖਰਚਾ ਆਵੇਗਾ ਅਤੇ ਵਿਦੇਸ਼ ਵਿੱਚ ਕੰਪਨੀ ਵੱਲੋਂ ਉਸ ਨੂੰ 48 ਹਜ਼ਾਰ ਰੁਪਏ ਮਹੀਨਾ ਤਨਖਾਹ ਮਿਲੇਗੀ। ਦੋਵੇਂ ਟ੍ਰੈਵਲ ਏਜੰਟਾਂ ਨੇ ਉਸ ਕੋਲੋਂ 10 ਹਜ਼ਾਰ ਰੁਪਏ ਨਕਦ ਤੇ ਪਾਸਪੋਰਟ ਲੈ ਲਿਆ ਅਤੇ ਵੱਖ-ਵੱਖ ਤਰੀਕਾਂ ਰਾਹੀਂ ਕੁੱਲ ਦੋ ਲੱਖ 20 ਹਜ਼ਾਰ ਰੁਪਏ ਵਸੂਲ ਲਏ। 24 ਜੁਲਾਈ 2019 ਨੂੰ ਉਸ ਨੂੰ ਦਸਤਾਵੇਜ਼ ਤੇ ਟਿਕਟ ਦੇ ਕੇ ਦਿੱਲੀ ਭੇਜ ਦਿੱਤਾ, ਪਰ ਟਿਕਟ ਸਹੀ ਨਾ ਹੋਣ ਕਾਰਨ ਉਸ ਦੀ ਫਲਾਈਟ ਨਹੀਂ ਹੋ ਸਕੀ। ਸ਼ਿਕਾਇਤ ਕਰਤਾ ਗਗਨ ਕੁਮਾਰ ਦੇ ਦੱਸਣ ਅਨੁਸਾਰ ਉਸ ਨੇ ਟ੍ਰੈਵਲ ਏਜੰਟਾਂ ਕੋਲੋਂ ਪੈਸੇ ਮੰਗੇ ਤਾਂ ਉਨ੍ਹਾਂ ਨੇ ਫਿਰ 12 ਅਗਸਤ 2019 ਨੂੰ ਨਵੇਂ ਦਸਤਾਵੇਜ਼ ਦੇ ਕੇ ਦਿੱਲੀ ਏਅਰਪੋਰਟ ਭੇਜ ਦਿੱਤਾ। ਜਦੋਂ ਉਹ ਫਿਜ਼ੀ ਏਅਰਪੋਰਟ 'ਤੇ ਗਿਆ ਤਾਂ ਇਮੀਗਰੇਸ਼ਨ ਵਿਭਾਗ ਨੂੰ ਉਸ ਦੇ ਹੋਟਲ ਦੀ ਬੁਕਿੰਗ ਵੀ ਜਾਅਲੀ ਮਿਲੀ ਅਤੇ ਉਸ ਨੂੰ ਵਿਦੇਸ਼ ਸੱਦਣ ਵਾਲਾ ਵਿਅਕਤੀ ਵੀ ਮੁੱਕਰ ਗਿਆ, ਜਿਸ 'ਤੇ ਉਹ ਚਾਰ ਦਿਨ ਸਿੰਗਾ-ਪੁਰ ਏਅਰਪੋਰਟ 'ਤੇ ਖੱਜਲ ਹੁੰਦਾ ਰਿਹਾ ਤੇ 35 ਹਜ਼ਾਰ ਰੁਪਏ ਹੋਰ ਖਰਚ ਕਰ ਕੇ ਭਾਰਤ ਆਇਆ। ਪੁਲਸ ਨੇ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ।

## ਲੁਧਿਆਣਾ ਵਿੱਚ ਵਾਰਦਾਤ:

# ਗੋਲਡ ਲੋਨ ਕੰਪਨੀ ਦੇ ਦਫਤਰੋਂ ਚਾਰ ਲੁਟੇਰੇ 12 ਕਰੋੜ ਦਾ ਸੋਨਾ ਲੈ ਕੇ ਫਰਾਰ

ਲੁਧਿਆਣਾ, 18 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਨਕਾਬਪੋਸ਼ ਲੁਟੇਰਿਆਂ ਨੇ ਦਿਨ ਦਿਹਾੜੇ 12 ਕਰੋੜ ਰੁਪਏ ਦੇ ਸੋਨੇ ਕਰ ਕੇ ਲੁਧਿਆਣਾ ਪੁਲਸ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਕੱਲ੍ਹ ਸਵੇਰੇ ਗਿੱਲ ਰੋਡ ਉੱਤੇ ਗੋਲਡ ਲੋਨ ਦੇਣ ਵਾਲੀ ਕੰਪਨੀ ਆਈ ਆਈ ਐੱਫ ਐੱਲ ਦੇ ਦਫਤਰ ਵਿੱਚੋਂ ਚਾਰ ਨਕਾਬਪੋਸ਼ ਲੁਟੇਰੇ ਇਸ ਕੰਪਨੀ ਦੇ ਮੈਨੇਜਰ ਤੇ ਬਾਕੀ ਸਟਾਫ ਨੂੰ ਗੰਨ ਪੁਆਇੰਟ 'ਤੇ ਧਮਕਾ ਕੇ ਦਫਤਰ ਦੀ ਸੇਫ ਵਿੱਚੋਂ ਤੀਹ ਕਿਲੋ ਸੋਨਾ ਅਤੇ 3.50 ਲੱਖ ਰੁਪਏ ਕੈਸ਼ ਲੈ ਕੇ ਫਰਾਰ ਹੋ ਗਏ। ਕੰਪਨੀ ਦੇ ਇਸ ਦਫਤਰ ਵਿੱਚ ਲੋਕਾਂ ਦੇ ਸੋਨੇ ਦੇ ਗਹਿਣੇ ਗਿਰਵੀ ਰੱਖ ਕੇ ਉਨ੍ਹਾਂ ਨੂੰ ਕਰਜ਼ਾ ਦਿੱਤਾ ਜਾਂਦਾ ਹੈ। ਕੱਲ੍ਹ ਦਫਤਰ ਖੁੱਲ੍ਹਦੇ ਹੀ ਕਾਰ ਸਵਾਰ ਹਥਿਆਰਬੰਦ ਚਾਰ ਲੁਟੇਰੇ ਦਫਤਰ ਵਿੱਚ ਆਏ। ਉਨ੍ਹਾਂ ਵਿੱਚੋਂ ਇੱਕ ਨੌਜਵਾਨ ਨੇ ਪਿਸਤੌਲ ਦਿਖਾ ਕੇ



ਮੈਨੇਜਰ ਹਰਪ੍ਰੀਤ ਸਿੰਘ ਤੇ ਹੋਰ ਸਟਾਫ ਨੂੰ ਬੰਦੀ ਬਣਾ ਲਿਆ। ਇਸ ਦੇ ਬਾਅਦ ਦਫਤਰ ਦੇ ਸਟਾਫ ਨੂੰ ਡਰਾਇਆ ਅਤੇ ਮੇਨ ਗੇਟ ਬੰਦ ਕਰ ਦਿੱਤਾ। ਲੁਟੇਰਿਆਂ ਨੇ ਸੇਫ ਵਿੱਚ ਪਿਆ ਲਗਭਗ ਤੀਹ ਕਿਲੋ ਸੋਨਾ ਆਪਣੇ ਨਾਲ ਲਿਆਂਦੇ ਬੈਗਾਂ ਵਿੱਚ ਭਰ ਲਿਆ ਅਤੇ ਜਾਂਦੇ ਹੋਏ ਦਫਤਰ ਦੇ ਕੈਂਚੀ ਗੇਟ ਨੂੰ ਬਾਹਰੋਂ ਤਾਲਾ ਲਾ ਗਏ। ਇਸ ਘਟਨਾ ਦੌਰਾਨ ਉਨ੍ਹਾਂ ਦਾ ਇੱਕ ਸਾਥੀ ਬਾਹਰ ਕਾਰ ਵਿੱਚ ਬੈਠਾ ਰਿਹਾ। ਉਨ੍ਹਾ ਨੇ ਦਫਤਰ ਦੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰੇ ਤੋੜ ਦਿੱਤੇ ਅਤੇ ਡੀ ਵੀ ਆਰ ਨਾਲ ਲੈ ਗਏ। ਇਸ ਦੇ ਬਾਅਦ ਦਫਤਰ ਦੇ ਮੈਨੇਜਰ ਨੇ ਪੁਲਸ ਨੂੰ ਸੂਚਿਤ ਕੀਤਾ ਤਾਂ ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਅਤੇ ਹੋਰ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਨੇ ਉਥੇ ਮੌਜੂਦ ਸਟਾਫ ਤੋਂ ਪੁੱਛਗਿੱਛ ਕੀਤੀ ਅਤੇ ਨਾਲ ਦੀ ਦੁਕਾਨ ਵਿੱਚ ਲੱਗੇ ਸੀ ਸੀ ਟੀ ਵੀ ਫੋਲੇ ਜਿਸ ਵਿੱਚ ਚਾਰ ਲੁਟੇਰੇ ਬੈਗ ਲੈ ਕੇ ਕਾਰ ਵਿੱਚ ਜਾਂਦੇ ਹੋਏ ਰਿਕ-ਾਰਡ ਹੋਏ ਹਨ।

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton




## ਲੜਕੀ ਦੀ ਲੋੜ

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 | 416-509-7252 | +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ,ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL
Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

KHALSA COMMUNITY SCHOOL

Celebrating 25 Years

69 Maitland Street, Brampton, ON, L6S 3B5

Tel: 905-791-1750 Fax: 905-458-9133

www.khalsacommunityschool.com

OPEN HOUSE

SESSION 2020 – 2021

SATURDAY, MARCH 7, 2020

TIME: 10:00 A.M. - 3:00 P.M.

ADMISSION IS NOW OPEN FOR 2020 - 2021

REGISTRATION OPEN FOR J.K. – GRADE 12

(Limited Seats Only)

2020 – 2021 ਦੇ ਸੈਸ਼ਨ ਲਈ

ਜੇ. ਕੇ. ਤੋਂ ਗ੍ਰੇਡ 12 ਦੀ ਰਜਿਸਟ੍ਰੇਸ਼ਨ ਸ਼ੁਰੂ ਹੈ

(ਸੀਟਾਂ ਸੀਮਤ ਹੀ ਹਨ)

IB AUTHORIZED SCHOOL (MYP) (GRADES 6-10)

EARN CREDITS ONLINE (GRADES 9 - 12)

[Contact us at : info@kcsonlinelearning.com]

FOR FURTHER INFORMATION PLEASE CALL 905-791-1750.


# ਬਲੈਕਮੇਲਿੰਗ ਤੋਂ ਤੰਗ ਆਈ ਵਿਦਿਆਰਥਣ ਵੱਲੋਂ ਖੁਦਕੁਸ਼ੀ

ਟਾਂਡਾ ਉੜਮੁੜ, 18 ਫਰਵਰੀ (ਪੋਸਟ ਬਿਊਰੋ)- ਟਾਂਡਾ ਦੇ ਇੱਕ ਪਿੰਡ ਦੀ ਰਹਿਣ ਵਾਲੀ ਇੱਕ ਵਿਦਿਆਰਥਣ ਨੂੰ ਧੋਖੇਬਾਜ਼ ਲੜਕੇ ਨਾਲ ਦੋਸਤੀ ਕਰਨ ਦੀ ਕੀਮਤ ਵਿਦਿਆਰਥਣ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਹੈ। ਲੜਕੀ ਦੀ ਫੋਟੋ ਲੈ ਕੇ ਉਸ ਦਾ ਦੋਸਤ ਉਸ ਨੂੰ ਬਲੈਕਮੇਲ ਕਰਨ ਲੱਗਾ ਤਾਂ ਤੰਗ ਆਈ ਲੜਕੀ ਨੇ ਜ਼ਹਿਰ ਨਿਗਲ ਕੇ ਜਾਨ ਦੇ ਦਿੱਤੀ। ਟਾਂਡਾ ਪੁਲਸ ਨੇ ਮ੍ਰਿਤਕ ਲੜਕੀ ਦੀ ਮਾਤਾ ਦੇ ਬਿਆਨਾਂ 'ਤੇ ਅੱਡਾ ਚੌਲਾਂਗ ਵਿਖੇ ਰਹਿਣ ਵਾਲੇ ਮਨਜੀਤ ਸਿੰਘ ਉਰਫ ਹੈਪੀ ਖਿਲਾਫ ਕੇਸ ਦਰਜ ਕਰ ਲਿਆ ਅਤੇ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਸ ਦੀ ਬੇਟੀ ਨਾਲ ਮਨਜੀਤ ਸਿੰਘ ਉਰਫ ਹੈਪੀ ਦੀ ਦੋ ਸਾਲਾਂ ਤੋਂ ਦੋਸਤੀ ਸੀ। ਇਸ ਦੌਰਾਨ ਹੈਪੀ ਨੇ ਉਸ ਦੀ ਬੇਟੀ ਨਾਲ ਆਪਣੇ ਮੋਬਾਈਲ ਫੋਨ 'ਚ ਫੋਟੋ ਖਿੱਚੀ ਸੀ। ਕੁਝ ਸਮਾਂ ਬਾਅਦ ਹੈਪੀ ਉਸ ਦੀ ਬੇਟੀ ਨੂੰ ਫੋਟੋ ਦਿਖਾ ਕੇ ਤੰਗ ਕਰਨ ਲੱਗਾ ਸੀ। ਉਹ ਜਿੱਥੇ ਵੀ ਰਿਸ਼ਤਾ ਕਰਦੇ, ਫੋਟੋ ਦਿਖਾਉਣ ਦੀ ਧਮਕੀ ਦੇ ਕੇ ਰਿਸ਼ਤਾ ਤੁੜਵਾ ਦਿੰਦਾ ਸੀ। ਇਸ ਤਰ੍ਹਾਂ ਉਸ ਨੇ ਦੋ ਰਿਸ਼ਤੇ ਤੁੜਵਾ ਦਿੱਤੇ ਸਨ। ਇਸ ਕਾਰਨ ਉਨ੍ਹਾਂ ਦੀ ਕਾਫੀ ਬਦਨਾਮੀ ਵੀ ਹੋਈ ਸੀ। ਇਸ ਦੇ ਬਾਵਜੂਦ ਹੈਪੀ ਹਰਕਤਾਂ ਤੋਂ ਨਹੀਂ ਰੁਕਿਆ। ਉਸ ਨੇ ਫਿਰ ਲੜਕੀ ਨੂੰ ਧਮਕਾਇਆ ਕਿ ਜਿੱਥੇ ਵੀ ਰਿਸ਼ਤਾ ਹੋਵੇਗਾ, ਤੁੜਵਾ ਦੇਵੇਗਾ। ਇਸੇ ਪ੍ਰੇਸ਼ਾਨੀ ਕਾਰਨ ਲੜਕੀ ਨੇ ਬੀਤੀ 29 ਜਨਵਰੀ ਨੂੰ ਜ਼ਹਿਰੀਲਾ ਪਦਾਰਥ ਨਿਗਲ ਲਿਆ। ਗੰਭੀਰ ਹਾਲਤ 'ਚ ਉਸ ਨੂੰ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ, ਜਿੱਥੋਂ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ ਅਤੇ ਉਸ ਹਸਪਤਾਲ ਵਿੱਚ ਉਹ ਸ਼ੁੱਕਰਵਾਰ ਰਾਤ ਦਮ ਤੋੜ ਗਈ।

# ਛੋਟੇ ਹਾਥੀ ਤੇ ਸਕੂਟਰੀ ਦੀ ਟੱਕਰ ਵਿੱਚ ਦੋ ਮੌਤਾਂ

ਮੋਗਾ, 18 ਫਰਵਰੀ (ਪੋਸਟ ਬਿਊਰੋ)- ਕੱਲ੍ਹ ਸਵੇਰੇ ਇੱਕ ਤੇਜ਼ ਰਫਤਾਰ ਛੋਟੇ ਹਾਥੀ ਨੇ ਇੱਕ ਸਕੂਟਰੀ 'ਤੇ ਸਵਾਰ ਦੋ ਚਚੇਰੇ ਭਰਾਵਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ।

ਮ੍ਰਿਤਕ ਗੁਰਮੁਖ ਸਿੰਘ ਦੇ ਲੜਕੇ ਜੁਗਰਾਜ ਸਿੰਘ ਪਿੰਡ ਸੈਦ ਮੁਹੰਮਦ ਨੇ ਦੱਸਿਆ ਕਿ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਪੀਰੂਵਾਲਾ ਵਿਖੇ ਉਨ੍ਹਾਂ ਦੀ ਰਿਸ਼ਤੇਦਾਰੀ ਵਿੱਚ ਮੌਤ ਹੋ ਗਈ ਸੀ ਅਤੇ ਕੱਲ੍ਹ ਸਵੇਰੇ ਉਸ ਦੇ ਫੁੱਲ ਚੁਗਣੇ ਸਨ। ਇਸ ਲਈ ਉਸ ਦਾ ਪਿਤਾ ਗੁਰਮੁਖ ਸਿੰਘ ਅਤੇ ਚਾਚਾ ਟਹਿਲ ਸਿੰਘ ਪੁੱਤਰ ਅਵਤਾਰ ਸਿੰਘ ਪਿੰਡ ਰਾਮਗੜ੍ਹ ਸਕੂਟਰੀ ਉੱਤੇ ਪਿੰਡ ਪੀਰੂਵਾਲਾ ਜ਼ਿਲਾ ਫਿਰੋਜ਼ਪੁਰ ਜਾ ਰਹੇ ਸਨ। ਜਦ ਉਹ ਪਿੰਡ ਤੋਂ ਹਾਈਵੇ ਰੋਡ ਕਰਾਸ ਕਰ ਕੇ ਪਿੰਡ ਸ਼ੇਰਪੁਰ ਤਖਤੂਵਾਲਾ ਲਿੰਕ ਸੜਕ 'ਤੇ ਚੜ੍ਹਨ ਲੱਗੇ ਤਾਂ ਇੱਕ ਤੇਜ਼ ਰਫਤਾਰ ਛੋਟਾ ਹਾਥੀ ਗੱਡੀ ਨੇ ਉਨ੍ਹਾਂ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਦੋਵੇਂ ਗੰਭੀਰ ਜ਼ਖਮੀ ਹੋ ਗਏ ਤੇ ਛੋਟਾ ਹਾਥੀ ਦਾ ਚਾਲਕ ਫਰਾਰ ਹੋ ਗਿਆ। ਜ਼ਖਮੀਆਂ ਨੂੰ ਮੋਗਾ ਦੇ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ, ਜਿਥੇ ਗੁਰਮੁਖ ਸਿੰਘ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਟਹਿਲ ਸਿੰਘ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਟਹਿਲ ਸਿੰਘ ਦੀ ਵੀ ਮੌਤ ਹੋ ਗਈ। ਥਾਣਾ ਕੋਟ ਈਸੇ ਖਾਂ ਦੇ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਛੋਟਾ ਹਾਥੀ ਦੇ ਅਣਪਛਾਤੇ ਚਾਲਕ ਖਿਲਾਫ ਮਾਮਲਾ ਦਰਜ ਕਰ ਕੇ ਭਾਲ ਸ਼ੁਰੂ ਕਰ ਦਿੱਤੀ ਹੈ।





ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ

ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ

ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514

8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ

ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

647.898.4042/416.505.6857

(Call from 9am to 6pm)

GF1 Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.

■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com

1085 Bellamy Rd (N) Unit #210 Scarbrough (Toronto) 647-929-7736 Web: www.gf1security.com

REVIVE EMS · CANADIAN RED CROSS Training Partner

amar INTERMODAL · TRANSPORT · STORAGE

HIRING DRIVERS for Ontario and Montreal

Hiring Owner Operators Drivers

1 Year Prior Experience
Flexible in time
Good Salary

Contact Now
P: 905-893-2270 Ext 121
F: 905-893-9545
E: info@amartransport.com
W: www.amartransport.com

Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

$1,000

Services: · Complete Basement · Tiles · Bathrooms · Plumbing · Laminate · Hardwood Floor · Painting

info@a1renovationgta.com
www.a1renovationgta.com

A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:

- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011 Monday-Friday (10am to 5:30pm)

6630 Tomken Rd., Mississauga, L5T 1N1

HOMELIFE SILVERCITY Realty Inc. Brokerage

Kulwinder Chhina SALES REPRESENTATIVE

647.293.2327

www.Kulwinderchhina.com

CELLNTELL DISTRIBUTION INC

1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $57 per hour with 35hrs week, Experience:5 yrs, Bachelor's Degree (Required) with English Proficiency.

Email Resume : umar.w@cellntell.com

PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL: 905-463-2153

Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL

For all your Real Estate Need Call

416.262.2600

Email: karampunian@gmail.com

KARAM SINGH PUNIAN Sales Representative

HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ


## ਹਿੰਦੀ ਫਿਲਮ ਚੁਣਨ ਨੂੰ ਲੈ ਕੇ ਦੁਵਿਧਾ ਵਿੱਚ ਹੈ ਅਲੀ ਫਜ਼ਲ



ਹਿੰਦੀ ਸਿਨੇਮਾ ਦੇ ਨਾਲ ਹਾਲੀਵੁੱਡ ਵਿੱਚ ਕੰਮ ਕਰਨਾ ਆਸਾਨ ਨਹੀਂ ਹੈ। ਹਾਲੀਵੁੱਡ ਵਿੱਚ ਪਛਾਣ ਬਣਾ ਚੁੱਕੇ ਅਲੀ ਫਜ਼ਲ ਨੂੰ ਚਾਰ ਮਹੀਨਿਆਂ ਬਾਅਦ ਦੇਸ਼ ਮੁੜਨ ਦਾ ਮੌਕਾ ਮਿਲਿਆ। ਅਲੀ ਆਪਣੀ ਅੰਤਰਰਾਸ਼ਟਰੀ ਫਿਲਮ 'ਡੈੱਥ ਆਨ ਦ ਨਾਈਲ' ਦੀ ਸ਼ੂਟਿੰਗ ਲੰਡਨ ਵਿੱਚ ਕਰ ਰਹੇ ਸਨ, ਜਿਸ ਦਾ ਨਿਰਦੇਸ਼ਨ ਕੇਨੇਥ ਬਰਨਾਘ ਨੇ ਕੀਤਾ ਹੈ। ਫਿਲਮ ਵਿੱਚ ਅਲੀ ਦੇ ਨਾਲ 'ਵੰਡਰ ਵੂਮੈਨ' ਦੀ ਅਭਿਨੇਤਰੀ ਗੈਲ ਗੈਡੋਟ ਹੈ। ਦੇਸ਼ ਮੁੜਦੇ ਹੀ ਅਲੀ ਨੇ ਹਿੰਦੀ ਸਕ੍ਰਿਪਟਸ ਨੂੰ ਪੜ੍ਹਨਾ ਸ਼ੁਰੂ ਕਰ ਦਿੱਤਾ, ਜੋ ਉਹ ਪਹਿਲਾਂ ਨਹੀਂ ਪੜ੍ਹ ਸਕੇ ਸਨ।

ਅਲੀ ਦਾ ਕਹਿਣਾ ਹੈ ਕਿ ਪਹਿਲੀ ਵਾਰ ਇਹ ਹੋ ਰਿਹਾ ਹੈ ਕਿ ਮੈਂ ਫਿਲਮ ਨੂੰ ਚੁਣਨ ਬਾਰੇ ਦੁਬਿਧਾ ਵਿੱਚ ਹਾਂ। ਕੁਝ ਚੰਗੀਆਂ ਸਕ੍ਰਿਪਟ ਮਿਲੀਆਂ ਹਨ। ਅਲੀ ਨੇ ਦੱਸਿਆ ਕਿ ਇਸ ਦੁਬਿਧਾ ਬਾਰੇ ਉਸ ਨੇ ਆਪਣੇ ਇੱਕ ਦੋਸਤ ਤੋਂ ਪੁੱਛਿਆ। ਉਸ ਨੇ ਅਲੀ ਨੂੰ ਦੱਸਿਆ ਕਿ ਤੁਸੀਂ ਅਗਲੀ ਫਿਲਮ ਵਿੱਚ ਕਿਹੋ ਜਿਹੇ ਦਿਸਣਾ ਚਾਹੁੰਦੇ ਹੋ, ਇਹ ਸਵਾਲ ਹਰ ਅਭਿਨੇਤਾ ਦੇ ਅੰਦਰ ਹੁੰਦਾ ਹੈ। ਅਲੀ ਦਾ ਕਹਿਣਾ ਹੈ ਕਿ ਜਦ ਸਹੀ ਕੰਮ ਚੁਣਨਾ ਹੁੰਦਾ ਹੈ ਤਾਂ ਹਮੇਸ਼ਾ ਦਿਮਾਗ ਵਿੱਚ ਜੰਗ ਚਲਦੀ ਹੈ। ਫਿਲਹਾਲ, ਅਲੀ 'ਮਿਰਜ਼ਾਪੁਰ ਸੀਜਨ 2' ਵਿੱਚ ਨਜ਼ਰ ਆਉਣਗੇ।

## ਆਮ ਆਦਮੀ ਨੂੰ ਸੁਪਰ ਹੀਰੋ ਬਣਾਉਣਾ ਹੈ : ਆਯੁਸ਼ਮਾਨ



ਆਯੁਸ਼ਮਾਨ ਖੁਰਾਣਾ ਆਮ ਜ਼ਿੰਦਗੀ ਦੀਆਂ ਦਿੱਕਤਾਂ ਨਾਲ ਜੂਝਦੇ ਲੋਕਾਂ ਦੀਆਂ ਕਹਾਣੀਆਂ ਫਿਲਮਾਂ ਵਿੱਚ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੀ ਅਗਲੀ ਫਿਲਮ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਸਮਲਿੰਗਤਾ ਉੱਤੇ ਹੈ। ਪਹਿਲੀ ਵਾਰ ਉਹ ਸਮਲਿੰਗੀ ਦਾ ਕਿਰਦਾਰ ਨਿਭਾਉਣਗੇ। ਇਸ ਫਿਲਮ ਦੇ ਟ੍ਰੇਲਰ ਵਿੱਚ ਇੱਕ ਜਗ੍ਹਾ ਆਯੁਸ਼ਮਾਨ ਸੁਪਰ ਹੀਰੋ ਦੇ ਕੱਪੜਿਆਂ ਵਿੱਚ ਨਜ਼ਰ ਆ ਰਹੇ ਹਨ। ਇਨ੍ਹੀਂ ਦਿਨੀਂ ਸੁਪਰ ਹੀਰੋ ਵਾਲੀਆਂ ਫਿਲਮਾਂ ਕਈ ਹੀਰੋਜ਼ ਕਰਨਾ ਚਾਹੁੰਦੇ ਹਨ, ਪਰ ਆਯੁਸ਼ਮਾਨ ਨੂੰ ਸੁਪਰ ਹੀਰੋ ਬਣਨ ਵਿੱਚ ਕੋਈ ਦਿਲਚਸਪੀ ਨਹੀਂ ਹੈ।

ਆਯੁਸ਼ਮਾਨ ਦਾ ਕਹਿਣਾ ਹੈ ਕਿ ਉਹ ਅਸਲੀਅਤ ਵਿੱਚ ਯਕੀਨ ਰੱਖਦੇ ਹਨ। ਉਸ ਦਾ ਕਹਿਣਾ ਹੈ ਕਿ ਉਹ ਆਮ ਆਦਮੀ ਨੂੰ ਸੁਪਰ ਹੀਰੋ ਵਾਂਗ ਪੇਸ਼ ਕਰਨਾ ਵੱਧ ਜ਼ਰੂਰੀ ਮੰਨਦੇ ਹਨ। ਉਸ ਦੇ ਮੁਤਾਬਕ ਸੁਪਰ ਹੀਰੋ ਵਾਲੀਆਂ ਫਿਲਮਾਂ ਕਰਨ ਤੋਂ ਵੱਧ ਆਮ ਆਦਮੀ ਦਾ ਆਤਮ ਵਿਸ਼ਵਾਸ ਵਧਾਉਣਾ ਜ਼ਰੂਰੀ ਹੈ। ਆਮ ਇਨਸਾਨ ਹੀਰੋ ਨੂੰ ਦੇਖ ਕੇ ਸੋਚਦਾ ਹੈ ਕਿ ਉਸ ਦੇ ਸਿਕਸ ਪੈਕ ਐਬਸ ਹਨ, ਉਹ ਕਲਾਬਾਜ਼ੀਆਂ ਲਾਉਂਦਾ ਹੈ, ਦਸ ਲੜਕਿਆਂ ਦੇ ਨਾਲ ਇਕੱਲੇ ਮੁਕਾ-ਬਲਾ ਕਰਦਾ ਹੈ, ਪਰ ਇਹ ਅਸਲੀਅਤ ਵਿੱਚ ਨਹੀਂ ਹੁੰਦਾ। ਆਮ ਆਦਮੀ ਬਹੁਤ ਔਕੜਾਂ ਨਾਲ ਜੁੜਿਆ ਹੁੰਦਾ ਹੈ। ਉਨ੍ਹਾਂ ਕੰਪਲੈਕਸਿਸ ਨੂੰ ਉਹ ਾਪਣੀਆਂ ਫਿਲਮਾਂ ਰਾਹੀਂ ਦਿਖਾਉਣਾ ਚਾਹੁੰਦੇ ਹਨ।

# ਫਿਲਮਾਂ ਦੀ ਹੈਟ੍ਰਿਕ ਲਈ ਤਿਆਰ ਫਾਤਿਮਾ

ਫਾਤਿਮਾ ਸਨਾ ਸ਼ੇਖ ਨੇ ਸਾਲ 1997 ਵਿੱਚ ਫਿਲਮ 'ਇਸ਼ਕ' ਅਤੇ 'ਚਾਚੀ 420' ਵਿੱਚ ਬਤੌਰ ਬਾਲ ਕਲਾਕਾਰ ਸਭ ਤੋਂ ਪਹਿਲਾਂ ਕੈਮਰੇ ਦਾ ਸਾਹਮਣਾ ਕੀਤਾ ਸੀ। ਬਤੌਰ ਹੀਰੋਇਨ ਉਸ ਨੇ ਸਾਲ 2016 ਵਿੱਚ ਪਹਿਲਵਾਨ ਗੀਤਾ ਫੋਗਟ ਦੇ ਰੋਲ ਵਿੱਚ ਆਮਿਰ ਖਾਨ ਸਟਾਰਰ ਸੁਪਰਹਿੱਟ ਫਿਲਮ 'ਦੰਗਲ' ਵਿੱਚ ਡੈਬਿਊ ਕੀਤਾ ਸੀ। ਤਿੰਨ ਸਾਲਾਂ ਵਿੱਚ ਉਸ ਦੇ ਖਾਤੇ ਵਿੱਚ ਫਿਲਹਾਲ ਦੋ ਫਿਲਮਾਂ 'ਦੰਗਲ' ਅਤੇ 'ਠੱਗਸ ਆਫ ਹਿੰਦੋਸਤਾਨ' ਦਰਜ ਹਨ। ਪਹਿਲੀ ਫਿਲਮ ਵੱਡੀ ਹਿੱਟ ਰਹੀ ਤਾਂ ਦੂਜੀ ਫਿਲਮ ਫਲਾਪ ਹੋਈ। ਫਾਤਿਮਾ ਦੀ ਪਿਛਲੇ ਸਾਲ ਇੱਕ ਵੀ ਫਿਲਮ ਰਿਲੀਜ਼ ਨਹੀਂ ਹੋਈ, ਪਰ ਇਸ ਸਾਲ ਉਹ ਇੱਕ ਜਾਂ ਦੋ ਨਹੀਂ, ਤਿੰਨ ਫਿਲਮਾਂ ਨਾਲ ਹੈਟ੍ਰਿਕ ਲਾਉਣ ਲਈ ਤਿਆਰ ਹੈ। ਇਸ ਸਮੇਂ ਉਸ ਦੀ ਝੋਲੀ ਵਿੱਚ ਤਿੰਨ ਚੰਗੀਆਂ ਫਿਲਮਾਂ ਹਨ। ਇਨ੍ਹਾਂ ਵਿੱਚ 'ਲੂਡੋ', 'ਸੂਰਜ ਪਰ ਮੰਗਲ ਭਾਰੀ' ਅਤੇ 'ਭੂਤ ਪੁਲਸ' ਸ਼ਾਮਲ ਹਨ। ਅਨੁਰਾਗ ਬਸੁ ਦੀ ਫਿਲਮ 'ਲੂਡੋ' ਵਿੱਚ ਰਾਜ ਕੁਮਾਰ ਰਾਓ ਦੇ ਆਪੋਜ਼ਿਟ ਆਏਗੀ। ਇਸ ਤੋਂ ਬਾਅਦ 'ਭੂਤ ਪੁਲਸ' ਵਿੱਚ ਦਿਸੇਗੀ। ਇਸ ਹਾਰਰ ਕਾਮੇਡੀ ਫਿਲਮ ਵਿੱਚ ਉਸ ਨਾਲ ਸੈਫ ਅਲੀ ਖਾਨ ਤੇ ਅਲੀ ਫਜ਼ਲ ਮੁੱਖ ਕਿਰਦਾਰ ਵਿੱਚ ਹੋਣਗੇ। ਅਭਿਸ਼ੇਕ ਸ਼ਰਮਾ ਦੀ ਫਿਲਮ 'ਸੂਰਜ ਪੇ ਮੰਗਲ ਭਾਰੀ' ਵਿੱਚ ਫਾਤਿਮਾ ਤੋਂ ਇਲਾਵਾ ਮਨੋਜ ਵਾਜਪਾਈ ਅਤੇ ਦਿਲਜੀਤ ਦੁਸਾਂਝ ਮਹੱਤਵ ਪੂਰਨ ਕਿਰਦਾਰ ਵਿੱਚ ਨਜ਼ਰ ਆਉਣਗੇ। ਪੇਸ਼ ਹਨ ਇਸੇ ਸਿਲਸਿਲੇ ਵਿੱਚ ਫਾਤਿਮਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



* ਹੀਰੋਇਨ ਬਣਨ ਤੋਂ ਬਾਅਦ ਤੁਸੀਂ ਕਿੰਨੇ ਬਦਲ ਗਏ ਹੋ?

\- ਵਿਅਕਤੀਗਤ ਤੌਰ 'ਤੇ ਮੇਰੇ 'ਚ ਜ਼ਿਆਦਾ ਕੁਝ ਨਹੀਂ ਬਦਲਿਆ, ਕਿਉਂਕਿ ਮੈਂ ਅੱਜ ਵੀ ਉਹੀ ਹਾਂ ਅਤੇ ਮੈਂ ਓਨੀ ਹੀ ਬੋਰਿੰਗ ਹਾਂ, ਜਿੰਨੀ ਪਹਿਲਾਂ ਸੀ। ਪ੍ਰੋਫੈਸ਼ਨਲੀ ਮੇਰੇ ਕੋਲ ਵੱਧ ਮੌਕੇ ਹਨ। ਮੈਂ ਆਪਣੇ ਕੰਮ ਦੀ ਵਜ੍ਹਾ ਨਾਲ ਜ਼ਿੰਦਗੀ ਵਿੱਚ ਬਿਹਤਰ ਮੁਕਾਮ 'ਤੇ ਹਾਂ। ਇਸ ਸਮੇਂ ਵਿੱਤੀ ਸੁਰੱਖਿਆ ਹੈ, ਜੋ ਤੁਹਾਡੇ ਸਿਰ ਤੋਂ ਬਹੁਤ ਸਾਰਾ ਭਾਰ ਘੱਟ ਕਰ ਦਿੰਦੀ ਹੈ।

* ਤੁਹਾਡੇ ਅਨੁਸਾਰ ਪੈਸਾ ਕਿੰਨਾ ਜ਼ਰੂਰੀ ਹੈ?

-ਮੇਰਾ ਵਿਸ਼ਵਾਸ ਕਰੋ। ਤੁਹਾਨੂੰ ਲੱਗਦਾ ਹੈ ਕਿ ਪੈਸਾ ਸਾਰਾ ਕੁਝ ਨਹੀਂ, ਪਰ ਇਹ ਬਹੁਤ ਮਹੱਤਵ ਪੂਰਨ ਹੈ। ਇਸ ਨਾਲ ਤੁਸੀਂ ਖੁਦ ਨੂੰ ਸੁਰੱਖਿਅਤ ਮਹਿਸੂਸ ਕਰਦੇ ਹੋ। ਮੈਂ ਉਹ ਦਿਨ ਦੇਖੇ ਹਨ, ਜਦੋਂ ਡੈਡੀ ਨੂੰ ਕੰਮ ਨਹੀਂ ਮਿਲ ਰਿਹਾ ਸੀ। ਉਦੋਂ ਸਾਡੇ ਕੋਲ ਸਬਜ਼ੀ ਖਰੀਦਣ ਲਈ ਵੀ ਪੈਸੇ ਨਹੀਂ ਸਨ। ਅਜਿਹੇ ਦਿਨ ਵੀ ਸਨ, ਜਦੋਂ ਸਾਡੇ ਕੋਲ ਬੱਸ ਥੋੜ੍ਹੇ ਜਿਹੇ ਚੌਲ ਤੇ ਥੋੜ੍ਹੀ ਜਿਹੀ ਸਬਜ਼ੀ ਹੁੰਦੀ ਸੀ ਤੇ ਮੇਰੀ ਮਾਂ ਸੋਚਦੀ ਸੀ, ਯਾਰ ਕੀ ਬਣਾਈਏ। ਅਸੀਂ ਇੱਕ ਕਮਰੇ ਅਤੇ ਰਸੋਈ ਵਾਲੇ ਘਰ ਵਿੱਚ ਰਹਿੰਦੇ ਸੀ। ਅਸੀਂ ਤਿੰਨ ਮਹੀਨੇ ਤੱਕ ਕਿਰਾਇਆ ਨਹੀਂ ਦਿੱਤਾ ਸੀ ਅਤੇ ਸਾਨੂੰ ਹਮੇਸ਼ਾ ਡਰ ਲੱਗਦਾ ਸੀ ਕਿ ਸਾਨੂੰ ਇਥੋਂ ਭਜਾ ਨਾ ਦਿੱਤਾ ਜਾਏ। ਇਸ ਸਭ ਦੇ ਬਾਵਜੂਦ ਜਦੋਂ ਤੁਹਾਨੂੰ ਪੈਸੇ ਮਿਲਦੇ ਹਨ ਤਾਂ ਤੁਸੀਂ ਬਹੁਤ ਸਕੂਨ ਮਹਿਸੂਸ ਕਰਦੇ ਹੋ। ਇਸ ਲਈ ਵਿੱਤੀ ਸੁਰੱਖਿਆ ਨੇ ਅਸਲ ਵਿੱਚ ਸਾਡੇ ਜੀਵਨ ਨੂੰ ਰਿਲੈਕਸ ਕੀਤਾ ਹੈ।

* ਅਭਿਨੇਤਰੀ ਹੋਣਾ ਕਿੰਨਾ ਮੁਸ਼ਕਲ ਹੈ?

\- ਇਹ ਮੁਸ਼ਕਲ ਹੈ ਕਿਉਂਕਿ ਤੁਸੀਂ ਲਗਾਤਾਰ ਲੋਕਾਂ ਦੀਆਂ ਨਜ਼ਰਾਂ 'ਚ ਰਹਿੰਦੇ ਹੋ। ਤੁਹਾਡੇ ਮੂੰਹ 'ਚੋਂ ਨਿਕਲਣ ਵਾਲੇ ਹਰ ਸ਼ਬਦ ਨੂੰ ਤੋਲਿਆ ਜਾਂਦਾ ਹੈ। ਤੁਹਾਡੇ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਲਿਖੀਆਂ ਜਾਂਦੀਆਂ ਹਨ, ਪਰ ਮੈਨੂੰ ਲੱਗਦਾ ਹੈ ਕਿ ਜੇ ਉਹ ਮੇਰੇ ਬਾਰੇ ਲਿਖਣਾ ਚਾਹੁੰਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਮੈਂ ਉਨ੍ਹਾਂ ਲਈ ਮਹੱਤਵ ਪੂਰਨ ਹਾਂ, ਇਸ ਲਈ ਮੈਨੂੰ ਇਨ੍ਹਾਂ ਗੱਲਾਂ ਦਾ ਜ਼ਿਆਦਾ ਫਰਕ ਨਹੀਂ ਪੈਂਦਾ।

* ਕੀ ਕਾਰਨ ਹੈ ਕਿ ਜਿੱਥੇ ਅੱਜ ਹਰ ਸਟਾਰ ਸੋਸ਼ਲ ਮੀਡੀਆ 'ਤੇ ਛਾਏ ਰਹਿਣ ਨੂੰ ਬਰਕਰਾਰ ਹੈ, ਉਥੇ ਤੁਸੀਂ ਇਸ ਤੋਂ ਦੂਰ ਰਹਿਣ ਲੱਗੇ ਹੋ?

\- ਦਰਅਸਲ, ਮੈਨੂੰ ਲੱਗਦਾ ਹੈ ਕਿ ਲੋਕ ਸੋਸ਼ਲ ਮੀਡੀਆ ਦੇ ਆਦੀ ਹੋ ਰਹੇ ਹਨ ਤੇ ਉਹ ਕਾਫੀ ਸਮਾਂ ਆਨਲਾਈਨ ਖਰਚ ਕਰ ਰਹੇ ਹਨ। ਪਹਿਲਾਂ ਮੈਂ ਵੀ ਸੋਸ਼ਲ ਮੀਡੀਆ 'ਤੇ ਕਾਫੀ ਸਮਾਂ ਗੁਜ਼ਾਰਨ ਲੱਗੀ ਸੀ, ਪਰ ਫਿਰ ਮੈਨੂੰ ਇਸ ਤੋਂ ਬਚਣ ਦੀ ਲੋੜ ਮਹਿਸੂਸ ਹੋਈ, ਇਸ ਵਿੱਚ ਕਿਤਾਬਾਂ ਨੇ ਮੇਰੀ ਬਹੁਤ ਮਦਦ ਕੀਤੀ। ਮੈਨੂੰ ਲੱਗਦਾ ਹੈ ਕਿ ਕਿਤਾਬਾਂ ਪੜ੍ਹਨਾ ਆਪਣੇ ਵਿਹਲੇ ਸਮੇਂ ਦਾ ਇਸਤੇਮਾਲ ਕਰਨ ਦਾ ਚੰਗਾ ਤਰੀਕਾ ਹੈ, ਬਜਾਏ ਇਸ ਦੇ ਕਿ ਫੋਨ ਅਤੇ ਸੋਸ਼ਲ ਮੀਡੀਆ ਨਾਲ ਚਿਪਕੇ ਰਹੋ। ਕੁਝ ਸਮਾਂ ਪਹਿਲਾਂ ਮੈਂ ਹਰ ਮਹੀਨੇ ਘੱਟ ਤੋਂ ਘੱਟ ਇੱਕ ਦੋ ਕਿਤਾਬਾਂ ਪੜ੍ਹਨ ਦਾ ਫੈਸਲਾ ਕੀਤਾ ਸੀ। ਉਂਝ ਮੈਂ ਆਪਣੇ ਫੈਨਜ਼ ਨੂੰ ਆਮ ਤੌਰ 'ਤੇ ਆਪਣੀਆਂ ਗਤੀਵਿਧੀਆਂ ਨਾਲ ਅਪਡੇਟ ਰੱਖਦੀ ਹਾਂ।

* ਪਿਛਲੇ ਸਾਲਾਂ ਵਿੱਚ ਬਾਲੀਵੁੱਡ ਸੈਲੀਬ੍ਰਿਟੀਜ਼ ਨੇ ਬੇਹੱਦ ਮਹਿੰਗੇ ਵਿਆਹ ਕੀਤੇ ਹਨ। ਤੁਸੀਂ ਕਿਸ ਅੰਦਾਜ਼ ਵਿੱਚ ਵਿਆਹ ਕਰਨਾ ਚਾਹੋਗੇ?


\- ਵਿਆਹਾਂ 'ਚ ਲੋਕ ਜਿੰਨਾ ਪੈਸਾ ਖਰਚ ਕਰ ਰਹੇ ਹਨ, ਉਹ ਹੈਰਾਨ ਕਰਦਾ ਹੈ। ਮੈਂ ਕਿਸੇ 'ਤੇ ਕੋਈ ਰਾਇ ਨਹੀਂ ਦੇ ਰਹੀ, ਇਸ ਬਾਰੇ ਹਰ ਕਿਸੇ ਦੀ ਆਪਣੀ ਆਪਣੀ ਪਸੰਦ ਹੋ ਸਕਦੀ ਹੈ। ਕੁਝ ਲੋਕਾਂ ਨੂੰ ਭਾਰੀ ਰਕਮ ਖਰਚ ਕਰ ਕੇ ਵਿਆਹ ਦਾ ਆਨੰਦ ਲੈਣਾ ਪਸੰਦ ਹੈ। ਉਹ ਆਪਣੇ ਨਿੱਜੀ ਪਲਾਂ ਤੇ ਖੁਸ਼ੀਆਂ ਨੂੰ ਹੋਰਨਾਂ ਨਾਲ ਵੰਡਣਾ ਚਾਹੁੰਦੇ ਹਨ। ਮੈਂ ਉਨ੍ਹਾਂ ਵਰਗੀ ਨਹੀਂ ਹਾਂ। ਮੇਰਾ ਸੁਫਨਾ ਸਾਦਗੀ ਭਰਿਆ ਵਿਆਹ ਕਰਨ ਦਾ ਹੈ।

* ਆਪਣੇ ਪਰਵਾਰ ਬਾਰੇ ਕੁਝ ਦੱਸੋ?

-ਸਾਡਾ ਪਰਵਾਰ ਜੰਮੂ-ਕਸ਼ਮੀਰ ਤੋਂ ਹੈ, ਪਰ ਲਗਭਗ ਤੀਹ-ਚਾਲੀ ਸਾਲਾਂ ਤੋਂ ਮੁੰਬਈ 'ਚ ਰਹਿ ਰਹੇ ਹਾਂ। ਅਸੀਂ ਕਿਸੇ ਹੋਰ ਨੂੰ ਨਹੀਂ ਜਾਣਦੇ। ਅਸੀਂ ਜ਼ਿਆਦਾਤਰ ਕਿਰਾਏ 'ਤੇ ਰਹੇ, ਜਿਸ ਕਾਰਨ ਸਾਨੂੰ ਅਕਸਰ ਆਪਣੇ ਘਰ ਬਦਲਣੇ ਪਏ, ਜਿਸ ਕਾਰਨ ਸ਼ਹਿਰ 'ਚ ਸਾਡੇ ਬਹੁਤ ਘੱਟ ਕੁਨੈਕਸ਼ਨ ਸਨ। ਮੈਂ ਇਥੇ ਖੁਦ ਨੂੰ ਵੱਖਰਾ ਮਹਿਸੂਸ ਨਹੀਂ ਕਰਦੀ, ਪਰ ਮੇਰੇ ਮਾਤਾ-ਪਿਤਾ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਪਰਵਾਰ ਜੰਮੂ-ਕਸ਼ਮੀਰ ਤੋਂ ਹੈ। ਉਹ ਅੱਜ ਵੀ ਥੋੜ੍ਹੇ ਦੁਖੀ ਹਨ ਕਿ ਉਹ ਵਾਪਸ ਨਹੀਂ ਗਏ, ਪਰ ਮੈਨੂੰ ਲੱਗਦਾ ਹੈ ਕਿ ਅੱਜ ਮੈਨੂੰ ਚੰਗਾ ਕਰਦੇ ਦੇਖ ਕੇ ਉਹ ਖੁਸ਼ ਹੁੰਦੇ ਹਨ। ਮੇਰਾ ਭਰਾ ਮੇਰੇ ਤੋਂ ਇੱਕ ਸਾਲ ਛੋਟਾ ਹੈ ਤੇ ਉਹ ਵੀ ਐਕਟਿੰਗ ਕਰਨਾ ਚਾਹੁੰਦਾ ਹੈ। ਫਿਲਹਾਲ ਉਹ ਫਿਲਮਾਂ 'ਚ ਬਤੌਰ ਅਸਿਸਟੈਂਟ ਕੰਮ ਕਰ ਰਿਹਾ ਹੈ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON
ਵੇਨ-ਕ੍ਰਿਕ/ਵੇਨਲੈਸ /ਮੈਅਫਿਲਡ
ਬਹੁਤ ਹੀ ਸ਼ਾਨਦਾਰ 2400 ਸੁਕੇਅਰ ਫੁੱਟ ਤੇ ਬਣਿਆ 4+2 ਬੈਡਰੂਮ ਅਤੇ 5 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਜਿਸ ਵਿੱਚ 2 ਬੈਡਰੂਮ ਦੀ ਫਿਨੀਸ਼ਡ ਬੇਸਮੈਂਟ ਬਣੀ ਹੋਈ ਹੈ ਅਤੇ ਸੇਪਰੇਟ ਏਂਟਰੈਂਸ ਹੈ। ਸਾਰੇ ਘਰ ਵਿੱਚ ਲੈਮੀਨੇਟ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ,ਸੋਹਣੀ ਇਟ ਇਨ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ।ਮਾਸਟਰ ਬੇਡਰੂਮ 5 ਪੀਸ ਇਨਸੂਟ

BRAMPTON
FOR LEASE
ਮੈਅਫਿਲਡ/ਬਰੇਮਲੀਅ/ਹਾਈਵੇ 410
ਕਿਰਾਏ ਲਈ ਤਿਆਰ ਬਰੈਂਡ ਨਿਊ ਘਰ (ਕੇਵਲ ਅੱਪਰ 2 ਸਟੋਰੀ)! 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ, ਡਬਲ ਕਾਰ ਗਰਾਜ, ਹਾਰਡਵੂਡ ਫਲੋਰ, ਪੋਟ ਲਾਈਟਾਂ ,ਅਪਗ੍ਰੇਡੇਡ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ। ਪੈਟ ਅਤੇ ਸਮੋਕਿੰਗ ਦੀ ਸਖਤ ਮਨਾਹੀ ਹੈ। ਵਰਕਿੰਗ ਫੈਮਲੀ ਨੂੰ ਪਹਿਲ। ਘੱਟ ਤੋਂ ਘੱਟ 1 ਸਾਲ ਦੀ ਲੀਜ। ਸਹੂਲਤਾਂ ਦੇ ਨੇੜੇ ਹੈ ।

CALEDON
ਸੇਂਟ ਐਂਡਰੀਉ/Hwy 9/ਬੀਚਗਰੂਵ
SOLD AT 99% OF ASKING PRICE IN 10 DAYS

BRAMPTON
ਚਿੰਗਕੂਜ਼ੀ/ਡੁਫੀਲਡ/ਇਡਨਬ
SOLD AT 100% OF ASKING PRICE IN 3 WEEKS

WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
SOLD AT 99% OF ASKING PRICE IN 2 WEEKS

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca
ticoca IATA
Call Us For Guaranteed Lowest Airfare
ANY Airline Time Destination Around the World
transat Holidays, sunwing, AIR CANADA VACATIONS, WESTJET vacations
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Carte WEALTH MANAGEMENT INC. KANG TAX & FINANCIAL SERVICES
- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***

FREE Tax Filing For New Immigrants
416-271-4877
Sukhwinder Kang (M.Sc. CFP) Financial Advisor
2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE
e-mail:sukhwinder.kang@cartewm.com
* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.

INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd, Mcvean Dr, Gore Rd, Squire Ellis Dr, Countryside Dr, DENTISTRY

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com